ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005

Editor : Sharanjit Singh Thind

Vol. 15 Issue 34 FRIDAY, 25 NOVEMBER TO 01 DECEMBER, 2022 WWW.PUNJABIDUNIYA.COM Published Weekly from New York

# ਕੀ ਹਵਾਈ ਫਾਇਰ ਕਰਨਾ ਜਾਂ ਹਥਿਆਰਾਂ ਦੀ ਨੁਮਾਇਸ਼ ਕਰਨਾ ਤੁਹਾਨੂੰ ਜੇਲ੍ਹ ਭੇਜ ਸਕਦਾ ਹੈ, ਜਾਣੋ ਕਾਨੂੰਨ ਕੀ ਕਹਿੰਦਾ ਹੈ

ਪੰਜਾਬ ਵਿੱਚ ਪਿਛਲੇ ਦਿਨਾਂ ਦੌਰਾਨ ਕੁਝ ਹਥਿਆਰਬੰਦ ਲੋਕਾਂ ਵੱਲੋਂ ਕੀਤੀਆਂ ਹੱਤਿਆਵਾਂ ਤੋਂ ਬਾਅਦ ਅਲੋਚਨਾ ਦਾ ਸਾਹਮਣਾ ਕਰ ਰਹੀ 'ਆਪ' ਦੀ ਅਗਵਾਈ ਵਾਲੀ ਸਰਕਾਰ ਗੰਨ ਕਲਚਰ ਉਪਰ ਸਖਤੀ ਦਿਖਾ ਰਹੀ ਹੈ। ਸਰਕਾਰ ਵੱਲੋਂ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਦੇ ਅਨੁਸਾਰ ਹਥਿਆਰਾਂ ਦੇ ਕਈ ਲਾਇਸੈਂਸ ਵੀ ਰੱਦ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਦੀ ਇਸ ਕਾਰਵਾਈ ਵਿਚਾਲੇ ਕਈ ਸਵਾਲ ਉੱਠ ਰਹੇ ਹਨ। ਸਵਾਲ ਉੱਠ ਰਹੇ ਹਨ ਕਿ ਕੀ ਸਰਕਾਰ ਬਿਨਾਂ ਕਾਰਨ ਦੱਸੇ ਲਾਇਸੈਂਸ ਰੱਦ ਕਰ ਸਕਦੀ ਹੈ? ਕੀ ਜਨਤਕ ਤੌਰ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਕਰਨਾ ਅਤੇ ਹਵਾਈ ਫਾਇਰ ਕਰਨਾ ਵੀ ਕੋਈ ਜੁਰਮ ਹੈ? ਇਹਨਾਂ ਸਵਾਲਾਂ ਦੇ ਜਵਾਬ ਲੱਭਣ ਲਈ ਅਸੀਂ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਨਵਕਿਰਨ ਸਿੰਘ ਅਤੇ ਇੱਕ ਸੀਨੀਅਰ ਆਈਪੀਐਸ ਅਧਿਕਾਰੀ ਨਾਲ ਗੱਲਬਾਤ ਕੀਤੀ। **(ਬਾਕੀ ਸਫਾ 2 'ਤੇ)**



## ਕੀ ਹਵਾਈ ਫਾਇਰ ਕਰਨਾ ਕੋਈ ਜੁਰਮ ਹੈ?

☛ ਜੀ ਹਾਂ, ਹਵਾਈ ਫਾਇਰ ਕਰਨਾ ਆਈਪੀਸੀ ਦੀ ਧਾਰਾ 336 ਤਹਿਤ ਜੁਰਮ ਹੈ।

☛ ਇੱਕ ਸੀਨੀਅਰ ਪੁਲਿਸ ਅਧਿਕਾਰੀ ਦੱਸਦੇ ਹਨ ਕਿ ਹਵਾਈ ਫਾਇਰ ਕਰਨ ਜਾਂ ਫਿਰ ਹਥਿਆਰ ਲਹਿਰਾਉਣ ਨਾਲ ਭਾਵੇਂ ਹੀ ਕਿਸੇ ਨੂੰ ਕੋਈ ਨੁਕਸਾਨ ਨਾ ਹੋਵੇ ਪਰ ਇਸ ਨਾਲ ਭੈਅ ਪੈਦਾ ਹੁੰਦਾ ਹੈ।

☛ ਇਸ ਨੂੰ ਜੁਰਮ ਦੀ ਕੈਟੇਗਰੀ ਦੇ ਵਿੱਚ ਰੱਖਿਆ ਗਿਆ ਹੈ।

☛ ਇਸ ਜੁਰਮ ਲਈ 3 ਮਹੀਨੇ ਤੱਕ ਜੇਲ੍ਹ ਅਤੇ 250 ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

☛ ਸੀਨੀਅਰ ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਜਦੋਂ ਕੋਈ ਜਨਤਕ ਥਾਂ ਉੱਤੇ ਫਾਇਰ ਕਰਦਾ ਹੈ ਤਾਂ ਕਿਸੇ ਦੂਜੇ ਦੀ ਸੁਰੱਖਿਆ ਵੀ ਖਤਰੇ ਵਿੱਚ ਪੈ ਸਕਦੀ ਹੈ।

☛ ਪੰਜਾਬ ਸਰਕਰ ਵੱਲੋਂ ਅਜਿਹੇ ਲੋਕਾਂ ਖਿਲਾਫ ਕਾਰਵਾਈ ਵੀ ਕੀਤੀ ਜਾ ਰਹੀ ਹੈ।

# ਫੀਫਾ ਵਿਸ਼ਵ ਕੱਪ 2022: ਕੱਪੜੇ ਲਾਹੁਣ, ਸਾਜ ਵਜਾਉਣ ਸਣੇ ਮੈਚ 'ਚ ਇਨ੍ਹਾਂ ਚੀਜਾਂ 'ਤੇ ਪਾਬੰਦੀ ਹੈ



ਫੀਫਾ ਵਿਸ਼ਵ ਕੱਪ ਦੇ ਮੁਕਾਬਲੇ ਜਾਰੀ ਹਨ ਅਤੇ ਪ੍ਰਸ਼ੰਸਕ ਕਤਰ ਵਿੱਚ ਟੂਰਨਾਮੈਂਟ ਦਾ ਪੂਰਾ ਆਨੰਦ ਲੈ ਰਹੇ ਹਨ। ਪਰ ਇਸ ਗੱਲ 'ਤੇ ਅਜੇ ਵੀ ਵਿਵਾਦ ਹੈ ਕਿ ਇਸ ਟੂਰਨਾਮੈਂਟ ਦੌਰਾਨ ਕਿਹੜੀਆਂ ਚੀਜਾਂ ਅਤੇ ਵਿਵਹਾਰਾਂ ਦੀ ਮਨਾਹੀ ਹੈ। ਪ੍ਰਸ਼ੰਸਕਾਂ ਅਤੇ ਖਿਡਾਰੀਆਂ ਨੇ ਵੀ ਇਸ 'ਤੇ ਆਪਣੀ ਵੱਖਰੀ-ਵੱਖਰੀ ਪ੍ਰਤੀਕਿਰਿਆ ਦਿੱਤੀ ਹੈ।

**ਵਨ ਲਵ ਆਰਮਬੈਂਡਸ**

ਸੱਤ ਦੇਸ਼ਾਂ ਦੀਆਂ ਟੀਮਾਂ ਟੂਰਨਾਮੈਂਟ ਵਿੱਚ ਦਿਲ ਦੇ ਆਕਾਰ ਵਿੱਚ ਸਤਰੰਗੀ ਝੰਡੇ ਵਾਲਾ ਵਨ ਲਵ () ਆਰਮਬੈਂਡ ਪਹਿਨਣ ਵਾਲੀਆਂ ਸਨ। ਇਹ ਆਰਮਬੈਂਡ ਸਮਲਿੰਗੀ ਸਬੰਧਾਂ ਦੇ ਵਿਰੁੱਧ ਕਤਰ ਦੇ ਕਾਨੂੰਨਾਂ ਦੇ ਵਿਰੋਧ ਵਿੱਚ ਪਹਿਨਿਆ ਜਾਣਾ ਸੀ ਪਰ ਇਸ ਦੀ ਆਗਿਆ ਨਹੀਂ ਦਿੱਤੀ ਗਈ। ਵਿਸ਼ਵ ਪੱਧਰ 'ਤੇ ਫੁੱਟਬਾਲ ਦਾ ਸੰਚਾਲਨ ਕਰਨ ਵਾਲੀ ਸੰਸਥਾ ਫੀਫਾ ਨੇ ਕਿਹਾ ਕਿ ਜੇ ਕੋਈ ਵੀ ਖਿਡਾਰੀ ਇਸ ਬੈਂਡ ਨੂੰ ਪਹਿਨੇਗਾ ਤਾਂ ਉਸ ਨੂੰ ਪੀਲਾ ਕਾਰਡ ਦੇ ਦਿੱਤਾ ਜਾਵੇਗਾ।

ਫੀਫਾ ਦੀ ਇਸ ਚਿਤਾਵਨੀ ਤੋਂ ਬਾਅਦ ਟੀਮਾਂ ਨੇ ਇਸ ਬੈਂਡ ਨੂੰ ਨਾ ਪਹਿਨਣ ਦਾ ਫੈਸਲਾ ਕੀਤਾ ਹੈ। ਫੀਫਾ ਦੇ ਨਿਯਮਾਂ ਦੇ ਅਨੁਸਾਰ, "ਰਾਜਨੀਤਿਕ, ਧਾਰਮਿਕ ਜਾਂ ਨਿੱਜੀ ਸੰਦੇਸਾਂ ਜਾਂ ਨਾਅਰਿਆਂ" 'ਤੇ ਪਾਬੰਦੀ ਹੈ ਅਤੇ ਨਾਲ ਹੀ ਟੀਮਾਂ ਦੇ ਕਪਤਾਨਾਂ ਨੂੰ ਇੱਕ ਆਰਮਬੈਂਡ ਪਹਿਨਣ ਦੀ ਪੇਸਕਸ ਕੀਤੀ ਜਿਸ 'ਤੇ ਲਿਖਿਆ ਹੈ "ਕੋਈ ਵਿਤਕਰਾ ਨਹੀਂ"। ਬੁੱਧਵਾਰ ਨੂੰ, ਜਰਮਨ ਟੀਮ ਦੇ ਖਿਡਾਰੀਆਂ ਨੇ ਮੈਚ ਤੋਂ ਪਹਿਲਾਂ ਤਸਵੀਰ ਖਿਚਵਾਉਣ ਸਮੇਂ, ਫੀਫਾ ਦੇ ਅਜਿਹੇ ਨਿਯਮਾਂ ਦਾ ਵਿਰੋਧ ਕਰਦੇ ਹੋਏ ਆਪਣੇ ਮੂੰਹ ਆਪਣੇ ਹੱਥਾਂ ਨਾਲ ਢੱਕ ਲਏ ਸਨ। ਇਸ ਤੋਂ ਇਲਾਵਾ ਪਿਚ ਦੇ ਬਾਹਰ ਵਿਰੋਧ ਦੀ ਝਲਕ ਨਜ਼ਰ ਆਇਆ। ਇੱਥੇ ਇੱਕ ਸਾਬਕਾ ਡੈਨਿਸ ਪ੍ਰਧਾਨ ਮੰਤਰੀ, ਇੱਕ ਜਰਮਨ ਸੰਘੀ ਮੰਤਰੀ ਅਤੇ ਬੀਬੀਸੀ ਖੇਡ ਪ੍ਰੈਜ਼ੇਂਟਰ ਅਤੇ ਇੰਗਲੈਂਡ ਦੀ ਸਾਬਕਾ ਮਹਿਲਾ ਖਿਡਾਰੀ ਐਲੇਕਸ ਸਕਾਟ ਨੂੰ ਸਤਰੰਗੀ ਦਿਲ ਵਾਲਾ ਬੈਂਡ ਪਹਿਨੇ ਹੋਏ ਦੇਖਿਆ ਗਿਆ। **(ਬਾਕੀ ਸਫਾ 2 'ਤੇ)**

N Light

Solid like a Rock

Insurance

Tel : 516 NLIGHT 8 (516 654 4488)

# ਕੀ ਹਵਾਈ ਫਾਇਰ ਕਰਨਾ ਜਾਂ ਹਥਿਆਰਾਂ ਦੀ ਨੁਮਾਇਸ਼ ਕਰਨਾ ਤੁਹਾਨੂੰ ਜੇਲ੍ਹ ਭੇਜ ਸਕਦਾ ਹੈ, ਜਾਣੋ ਕਾਨੂੰਨ ਕੀ ਕਹਿੰਦਾ ਹੈ



**ਜੇਕਰ ਕੋਈ ਤੁਹਾਨੂੰ ਹਥਿਆਰ ਦਿਖਾਉਂਦਾ ਹੈ ਤਾਂ ?**

ਇੱਥੇ ਦੋ ਵੱਖੋ-ਵੱਖ ਚੀਜਾਂ ਸਮਝਣੀਆਂ ਪੈਣਗੀਆਂ।

ਜੇਕਰ ਹਥਿਆਰ ਲਾਇਸੈਂਸੀ ਹੈ, ਤਾਂ ਉਹ ਸ਼ਖਸ ਆਪਣੀ ਸੁਰੱਖਿਆ ਲਈ ਜਨਤਕ ਤੌਰ ’ਤੇ ਹਥਿਆਰ ਲੈ ਕੇ ਤੁਰ ਸਕਦਾ ਹੈ, ਇਸ ਨੂੰ ਜੁਰਮ ਨਹੀਂ ਮੰਨਿਆ ਜਾਵੇਗਾ।

ਜੇਕਰ ਕਿਸੇ ਸ਼ਖਸ ਨੂੰ ਥਰੈੱਟ ਹੈ ਯਾਨਿ ਕਿ ਉਸ ਨੂੰ ਕਿਸੇ ਤੋਂ ਡਰ ਜਾਂ ਕੋਈ ਧਮਕੀ ਮਿਲੀ ਹੈ, ਤਾਂ ਅਜਿਹੇ ਵਿੱਚ ਆਪਣੇ ਬਚਾਅ ਲਈ ਹਥਿਆਰ ਦੀ ਵਰਤੋਂ ਕੀਤੀ ਜਾ ਸਕਦੀ ਹੈ, ਉਸ ਨੂੰ ਕਾਨੂੰਨ ਜੁਰਮ ਨਹੀਂ ਮੰਨਦਾ।

ਪਰ ਜੇਕਰ ਕੋਈ ਕਿਸੇ ਨੂੰ ਡਰਾਉਣ ਜਾਂ ਦਿਖਾਵੇ ਦੇ ਲਈ ਹਥਿਆਰ ਦੀ ਵਰਤੋਂ ਕਰਦਾ ਹੈ ਤਾਂ ਇਹ ਜੁਰਮ ਦੀ ਸ਼੍ਰੇਣੀ ਵਿੱਚ ਆਵੇਗਾ।

ਮਿਸਾਲ ਦੇ ਤੌਰ ’ਤੇ ਜੇਕਰ ਕੋਈ ਗੋਲੀਆਂ ਚਲਾਉਂਦਾ ਹੈ, ਕਿਸੇ ਨੂੰ ਡਰਾਉਂਦਾ ਹੈ ਜਾਂ ਇਹੋ ਜਿਹੀ ਵੀਡੀਓ ਵੀ ਬਣਾਉਂਦਾ ਹੈ ਤਾਂ ਉਹ ਵੀ ਜੁਰਮ ਹੀ ਮੰਨਿਆ ਜਾਵੇਗਾ।

ਪੁਲਿਸ ਅਧਿਕਾਰੀ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਜੇਕਰ ਕੋਈ ਦਿਖਾਵੇ ਦੇ ਲਈ ਹਥਿਆਰ ਦਿਖਾਉਂਦਾ ਹੈ, ਲਹਿਰਾਉਂਦਾ ਹੈ ਤਾਂ ਧਾਰਾ 188 ਦੇ ਤਹਿਤ ਕਾਰਵਾਈ ਕੀਤੀ ਜਾਵੇ।

**ਲਾਇਸੈਂਸ ਦੇਣ ਵੇਲੇ ਕੀ ਕੋਈ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ ?**

ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਜਦੋਂ ਵੀ ਕਿਸੇ ਸ਼ਖਸ ਨੂੰ ਲਾਇਸੈਂਸ ਦਿੱਤਾ ਜਾਂਦਾ ਹੈ ਤਾਂ ਉਸ ਵੇਲੇ ਜਬਾਨੀ ਉਸ ਨੂੰ ਕਿਸੇ ਵੀ ਤਰ੍ਹਾਂ ਦੀਆਂ ਹਦਾਇਤਾਂ ਨਹੀਂ ਦਿੱਤੀ ਜਾਂਦੀਆਂ।

ਪਰ ਆਰਮਜ ਐਕਟ ਦੇ ਤਹਿਤ ਲਾਇਸੈਂਸੀ ਹਥਿਆਰ ਰੱਖਣ ਵਾਲਿਆਂ ਲਈ ਲਈ ਕੁਝ ਨਿਯਮ ਤੈਅ ਕੀਤੇ ਗਏ ਹਨ।

**ਇਹ ਹੇਠ ਲਿਖੇ ਅਨੁਸਾਰ ਹਨ:**

ਜਿਸ ਵਿਅਕਤੀ ਦੇ ਨਾਮ ਉੱਤੇ ਹਥਿਆਰ ਹੈ ਸਿਰਫ ਉਹੀ ਆਤਮ-ਰੱਖਿਆ ਲਈ ਉਸ ਨੂੰ ਚਲਾ ਸਕਦਾ ਹੈ

ਲਾਇਸੈਂਸੀ ਹਥਿਆਰ ਦੀ ਵਰਤੋਂ ਦਿਖਾਵੇ ਲਈ ਨਹੀਂ ਕੀਤੀ ਜਾ ਸਕਦੀ

ਕਿਸੇ ਵਿਆਹ ਸਮਾਗਮ, ਪਾਰਟੀ ਜਾਂ ਖੁਸ਼ੀ ਦੇ ਮੌਕੇ ਉੱਤੇ ਵੀ ਇਸ ਦੀ ਵਰਤੋਂ ਨਹੀਂ ਹੋ ਸਕਦੀ

ਕਿਸੇ ਨੂੰ ਡਰਾਉਣ-ਧਮਕਾਉਣ ਲਈ ਲਾਇਸੈਂਸੀ ਹਥਿਆਰ ਨੂੰ ਨਹੀਂ ਵਰਤਿਆ ਜਾ ਸਕਦਾ

**ਹਥਿਆਰ ਦਾ ਲਾਇਸੈਂਸ ਮਿਲਦਾ ਕਿਵੇਂ ਹੈ ?**

ਪੂਰੇ ਭਾਰਤ ਵਿੱਚ ਆਰਮਜ ਐਕਟ ਦੇ ਨਿਯਮ ਇੱਕੋ ਜਿਹੇ ਹਨ।

ਕੁਝ ਹਥਿਆਰ ਸਿਰਫ ਪੁਲਿਸ ਅਧਿਕਾਰੀਆਂ, ਫੌਜ ਜਾਂ ਪੈਰਾਮਿਲਟਰੀ ਫੋਰਸਜ ਨੂੰ ਹੀ ਦਿੱਤੇ ਜਾਂਦੇ ਹਨ ਜਿਨ੍ਹਾਂ ਦੀ ਰੇਂਜ ਜਾਂ ?ਆਦਾ ਹੁੰਦੀ ਹੈ, ਉਹ ਆਮ ਲੋਕਾਂ ਨੂੰ ਨਹੀਂ ਦਿੱਤੇ ਜਾ ਸਕਦੇ।

ਆਮ ਲੋਕ 32 ਬੋਰ ਤੱਕ ਦੇ ਹਥਿਆਰਾਂ ਦਾ ਹੀ ਲਾਇਸੈਂਸ ਲੈ ਸਕਦੇ ਹਨ।

ਇਸ ਦੇ ਲਈ ਇੱਕ ਤੈਅ ਪ੍ਰਕਿਰਿਆ ਦਾ ਪਾਲਣ ਕਰਨਾ ਹੁੰਦਾ ਹੈ।

ਆਪਣੀ ਸੁਰੱਖਿਆ ਦਾ ਹਵਾਲਾ ਦੇ ਕੇ ਕੋਈ ਵੀ ਸ਼ਖਸ ਹਥਿਆਰ ਲੈਣ ਲਈ ਲਾਇਸੈਂਸ ਲਈ ਅਪਲਾਈ ਕਰ ਸਕਦਾ ਹੈ।

ਪਰ ਉਸ ਨੂੰ ਇਹ ਦੱਸਣਾ ਪਵੇਗਾ ਕਿ ਹਥਿਆਰ ਚਾਹੀਦਾ ਕਿਉਂ ਹੈ।

ਇਸ ਦੇ ਲਈ ਡਿਪਟੀ ਕਮਿਸ਼ਨਰ ਨੂੰ ਅਰਜੀ ਦਿੱਤੀ ਜਾਂਦੀ ਹੈ।

ਇਸ ਮਗਰੋਂ ਡੀਸੀ ਜਾਂ ?ਲ੍ਹੇ ਦੇ ਐੱਸਐੱਸਪੀ ਕੋਲੋਂ ਜਾਂਚ ਕਰਵਾਉਂਦਾ ਹੈ ਜਿਵੇਂ ਉਸ ਦੇ ਘਰ ਦਾ ਪਤਾ ਠੀਕ ਹੈ ਜਾਂ ਨਹੀਂ, ਉਸ ਉੱਤੇ ਕੋਈ ਅਪਰਾਧਿਕ ਮਾਮਲੇ ਤਾਂ ਦਰਜ ਨਹੀਂ ਹਨ, ਜਿਨ੍ਹਾਂ ਕਾਰਨਾਂ ਦਾ ਹਵਾਲਾ ਦੇ ਕੇ ਲਾਇਸੈਂਸ ਅਪਲਾਈ ਕੀਤਾ ਜਾ ਰਿਹਾ ਹੈ, ਉਹ ਸਹੀ ਵੀ ਹਨ ਜਾਂ ਨਹੀਂ।

ਲਾਇਸੈਂਸ ਦੀ ਮਿਆਦ ਉਸ ਦੇ ਮੁਹੱਈਆ ਹੋਣ ਤੋਂ ਲੈ ਕੇ ਅਗਲੇ 5 ਸਾਲ ਤੱਕ ਹੁੰਦੀ ਹੈ ਪਰ ਜੇਕਰ ਹਥਿਆਰ ਦੀ ਵਰਤੋਂ ਅਪਰਾਧ ਕਰਨ ਲਈ ਹੁੰਦੀ ਹੈ ਤਾਂ ਇਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

**ਪੰਜਾਬ ਵਿੱਚ ਮਿਲੇ ਲਾਇਸੈਂਸੀ ਹਥਿਆਰ ਦੀ ਵਰਤੋਂ ਦੂਜੇ ਸੂਬੇ ਵਿੱਚ ਕੀਤੀ ਜਾ ਸਕਦੀ ਹੈ?**

ਕੁਝ ਲਾਇਸੈਂਸ ਆਲ ਇੰਡੀਆ ਤੇ ਕੁਝ ਸੂਬਾ ਪੱਧਰੀ ਹੁੰਦੇ ਹਨ।

ਜਦੋਂ ਲਾਇਸੈਂਸ ਮਿਲਦਾ ਹੈ ਤਾਂ ਉਸ ਉੱਪਰ ਲਿਖਿਆ ਹੁੰਦਾ ਹੈ ਕਿ ਉਸ ਦਾ ਅਧਿਕਾਰ ਖੇਤਰ ਕੀ ਹੈ।

ਜੇਕਰ ਕੋਈ ਸ਼ਖਸ ਪੂਰੇ ਭਾਰਤ ਵਿੱਚ ਹਥਿਆਰ ਲੈ ਕੇ ਜਾਣਾ ਚਾਹੁੰਦਾ ਹੈ ਤਾਂ ਉਸ ਉੱਪਰ ਭਾਰਤ ਦੇ ਗ੍ਰਹਿ ਸਕੱਤਰ ਦੇ ਦਸਤਖਤ ਲਾਜਮੀ ਹੁੰਦੇ ਹਨ।

**ਲਾਇਸੈਂਸ ਰੱਦ ਕਿਸ ਆਧਾਰ ਉੱਤੇ ਅਤੇ ਕਿਵੇਂ ਕੀਤਾ ਜਾਂਦਾ ਹੈ ?**

ਲਾਇਸੈਂਸੀ ਹਥਿਆਰ ਦੀ ਗੈਰਕਾਨੂੰਨੀ ਵਰਤੋਂ ਕਰਨ ਉੱਤੇ ਉਸ ਨੂੰ ਰੱਦ ਕੀਤਾ ਜਾ ਸਕਦਾ ਹੈ।

ਕਿਸੇ ਵੀ ਸ਼ਖਸ ਦਾ ਲਾਇਸੈਂਸ ਰੱਦ ਕਰਨ ਤੋਂ ਪਹਿਲਾਂ ਉਸ ਨੂੰ ਕਾਰਨ ਦੱਸੋ (ਸ਼ੋਅਕੌਜ) ਨੋਟਿਸ ਦੇਣਾ ਜਰੂਰੀ ਹੈ।

ਲਾਇਸੈਂਸ ਰੱਦ ਕਰਨ ਤੋਂ ਪਹਿਲਾਂ ਉਸ ਸ਼ਖਸ ਨੂੰ ਕਾਰਨ ਵੀ ਦੱਸਣਾ ਪੈਂਦਾ ਹੈ ਤੇ ਉਸਦਾ ਪੱਖ ਲੈਣਾ ਲਾਜਮੀ ਹੈ।

ਸੀਨੀਅਰ ਵਕੀਲ ਨਵਕਿਰਨ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਕੋਲ ਵੀ ਹਾਲ ਹੀ ਵਿੱਚ ਕੁਝ ਕੇਸ ਆਏ ਹਨ ਜਿੱਥੇ ਲੋਕਾਂ ਨੂੰ ਕਾਰਨ ਦੱਸੋ ਨੋਟਿਸ ਆਇਆ ਹੈ ਤੇ ਅਦਾਲਤ ਵਿੱਚ ਉਸ ਨੂੰ ਚੈਲੇਂਜ ਕੀਤਾ ਗਿਆ ਹੈ।

ਉਸ ਮਾਮਲੇ ਵਿੱਚ ਫਿਰ ਅਦਾਲਤ ਵਿੱਚ ਸੁਣਵਾਈ ਹੁੰਦੀ ਹੈ। ਇਹੋ ਜਿਹੇ ਮਾਮਲਿਆਂ ਵਿੱਚ ਅਦਾਲਤੀ ਸੁਣਵਾਈ ਹੋਏ ਬਿਨਾਂ ਲਾਇਸੈਂਸ ਰੱਦ ਨਹੀਂ ਕੀਤਾ ਜਾ ਸਕਦਾ। ਇੱਕ ਗੱਲ ਹੋਰ ਹੈ ਕਿ ਇਹ ਨਿਯਮ ਸਿਰਫ ਹਥਿਆਰਾਂ ਵਾਲੇ ਲਾਇਸੈਂਸ ਉੱਤੇ ਹੀ ਨਹੀਂ ਸਗੋਂ ਡਰਾਈਵਿੰਗ ਲਾਇਸੈਂਸ ਜਾਂ ਫਿਰ ਕਿਸੇ ਦਾ ਪਾਸਪੋਰਟ ਵੀ ਰੱਦ ਕਰਨਾ ਹੋਵੇ ਉਸ ਉੱਤੇ ਵੀ ਲਾਗੂ ਹੁੰਦਾ ਹੈ। ਲਾਇਸੈਂਸ ਰੱਦ ਹੋਣ ਤੋਂ ਬਾਅਦ ਵੀ ਜੇਕਰ ਹਥਿਆਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਨੂੰ ਗੈਰ-ਕਾਨੂੰਨੀ ਹੀ ਮੰਨਿਆ ਜਾਵੇਗਾ।

# ਫੀਫਾ ਵਿਸ਼ਵ ਕੱਪ 2022: ਕੱਪੜੇ ਲਾਹੁਣ, ਸਾਜ ਵਜਾਉਣ ਸਣੇ ਮੈਚ ’ਚ ਇਨ੍ਹਾਂ ਚੀਜਾਂ ’ਤੇ ਪਾਬੰਦੀ ਹੈ

### ਬੀਅਰ

ਕਤਰ ਵਿਚ ਸਰਾਬ ਦੀ ਵਿਕਰੀ ‘ਤੇ ਸਖਤੀ ਨਾਲ ਨਿਯੰਤਰਣ ਹੈ, ਪਰ ਫੁੱਟਬਾਲ ਦੇ ਇਸ ਟੂਰਨਾਮੈਂਟ ਵਿੱਚ ਐਲਕੋਹਲ ਪਰੋਸੀ ਜਾਣੀ ਸੀ। ਫਿਰ ਅਚਾਨਕ ਟੂਰਨਾਮੈਂਟ ਤੋਂ ਸਿਰਫ ਦੋ ਦਿਨ ਪਹਿਲਾਂ ਫੀਫਾ ਨੇ ਆਪਣੀ ਨੀਤੀ ਨੂੰ ਬਦਲ ਦਿੱਤਾ।

ਵਿਸਵ ਕੱਪ ਦੇ ਪ੍ਰਮੁੱਖ ਸਪਾਂਸਰ ਅਤੇ ਬੀਅਰ ਬਣਾਉਣ ਵਾਲੀ ਕੰਪਨੀ ਬਡਵਾਇਜ਼ਰ ਲਈ ਆਖਰੀ ਮਿੰਟ ‘ਤੇ ਲਿਆ ਗਿਆ ਇਹ ਫੈਸਲਾ ਹੈਰਾਨੀਜਨਕ ਸੀ ਅਤੇ ਕੰਪਨੀ ਨੇ ਤੁਰੰਤ ਇਸ ‘ਤੇ ਆਪਣੀ ਪ੍ਰਤੀਕਿਰਿਆ ਵੀ ਦਿੱਤੀ। ਕੰਪਨੀ ਨੇ ਟਵੀਟ ਕੀਤਾ, “ਇਹ ਬੇਹੂਦਾ ਹੈ।“ ਪਰ ਬਾਅਦ ਵਿੱਚ ਇਸ ਟਵੀਟ ਨੂੰ ਮਿਟਾ ਦਿੱਤਾ ਗਿਆ। ਹਾਲਾਂਕਿ ਮੈਦਾਨਾਂ ਅੰਦਰ ਪਾਬੰਦੀ ਦੇ ਬਾਵਜੂਦ, ਪ੍ਰਸੰਸਕ ਖੇਤਰਾਂ ਵਿੱਚ ਬੀਅਰ ਅਜੇ ਵੀ ਪਰੋਸੀ ਜਾ ਰਹੀ ਹੈ ਜਿੱਥੇ ਲੋਕ ਵੱਡੀ ਸਕ੍ਰੀਨ ‘ਤੇ ਮੈਚ ਦੇਖ ਸਕਦੇ ਹਨ।“

### ਬਕੇਟ ਹੈਟਸ

ਬਕੇਟ ਹੈਟ ਜਾਂ ਟੋਪੀ ਨੂੰ 2010 ਤੋਂ ਬਾਅਦ ਤੋਂ ਹਨ ਵੈਲਸ ਫੁੱਟਬਾਲ ਦਰਸ਼ਕਾਂ ਦਾ ਇੱਕ ਪ੍ਰਤੀਕ ਬਣ ਗਈ ਹੈ। ਪਰ ਕਤਰ ਵਿੱਚ ਫੁੱਟਬਾਲ ਦੇ ਇਸ ਟੂਰਨਾਮੈਂਟ ਵਿੱਚ ਇਨ੍ਹਾਂ ਟੋਪੀਆਂ ਨੂੰ ਪਹਿਨਣ ਤੋਂ ਰੋਕਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਪ੍ਰਾਪਤ ਰਿਪੋਰਟਾਂ ਅਨੁਸਾਰ, ਇਨ੍ਹਾਂ ਟੋਪੀਆਂ ਨੂੰ ਪਹਿਨਣ ਵਾਲੇ ਕੁਝ ਵੈਲਸ ਪ੍ਰਸੰਸਕਾਂ ਨੇ ਟੋਪੀਆਂ ਨੂੰ ਅਧਿਕਾਰੀਆਂ ਦੁਆਰਾ ਜਬਤ ਕੀਤੇ ਜਾਣ ਦੀ ਗੱਲ ਕਹੀ ਹੈ। ਇਨ੍ਹਾਂ ਵਿੱਚ ਸਾਬਕਾ ਵੇਲਜ ਫੁੱਟਬਾਲ ਕਪਤਾਨ ਲੌਰਾ ਮੈਕਐਲਿਸਟਰ ਵੀ ਸਾਮਲ ਹੈ, ਜਿਸ ਨੇ ਕਿਹਾ ਕਿ ਜਦੋਂ ਉਹ ਇੱਕ ਸਟੇਡੀਅਮ ਵਿੱਚ ਦਾਖਲ ਹੋਏ ਤਾਂ ਇੱਕ ਪ੍ਰਬੰਧਕ ਨੇ ਉਨ੍ਹਾਂ ਨੂੰ ਟੋਪੀ ਹਟਾਉਣ ਲਈ ਕਿਹਾ ਜਿਸ ਨਾਲ ਉਹ ਸਹਿਮ ਗਏ। ਹਾਲਾਂਕਿ, ਫੁੱਟਬਾਲ ਐਸੋਸੀਏਸਨ ਆਫ ਵੇਲਜ (ਐੱਫਏਡਬਲਯੂ) ਦਾ ਕਹਿਣਾ ਹੈ ਕਿ ਫੀਫਾ ਨੇ ਵਿਸਵ ਕੱਪ ਦੇ ਆਯੋਜਨ ਵਾਲੇ ਸਥਾਨਾਂ ਨੂੰ ਕਿਹਾ ਹੈ ਕਿ ਉਹ ਟੂਰਨਾਮੈਂਟ ਦੇ ਬਾਕੀ ਮੈਚਾਂ ਲਈ ਸਤਰੰਗੀ ਟੋਪੀਆਂ ਅਤੇ ਝੰਡੇ ਸਟੇਡੀਅਮਾਂ ਵਿੱਚ ਲੈ ਜਾਣ ਦੀ ਆਗਿਆ ਦੇਣ। ਇਸ ਤੋਂ ਇਲਾਵਾ ਅਜਿਹਾ ਵੀ ਲੱਗ ਰਿਹਾ ਹੈ ਜਿਵੇਂ ਕਿ ਕੁਝ ਖਾਸ ਫੈਂਸੀ ਡਰੈੱਸ ਨੂੰ ਪਹਿਨਣ ਲਈ ਵੀ ਮਨ੍ਹਾ ਕੀਤਾ ਜਾ ਰਿਹਾ ਹੈ। ਸੋਸਲ ਮੀਡੀਆ ‘ਤੇ ਜਾਰੀ ਕੁਝ ਵੀਡੀਓਜ਼ ਵਿੱਚ ਦੇਖਿਆ ਗਿਆ ਹੈ ਕਿ ਕਰੂਸੇਡਰ ਪੋਸਾਕਾਂ (ਜੰਗੀ ਪੋਸ਼ਾਕਾਂ) ਪਹਿਨ ਕੇ ਆਏ ਪ੍ਰਸੰਸਕਾਂ ਨੂੰ ਬਾਹਰੋਂ ਹੀ ਵਾਪਸ ਮੋੜਿਆ ਜਾ ਰਿਹਾ ਹੈ। ਭੇਦਭਾਵ ਵਿਰੋਧੀ ਸਮੂਹ ਕਿੱਕ ਇਟ ਆਉਟ ਨੇ ਇੰਗਲੈਂਡ ਦੇ ਸਮਰਥਕਾਂ ਨੂੰ ਯਾਦ ਦਿਵਾਇਆ ਕਿ ਕਰੂਸੇਡਰ ਅਤੇ ਸੈਨਿਕਾਂ ਦੇ ਪਹਿਰਾਵੇ ਮੱਧ ਯੁੱਗ ਦੌਰਾਨ ਈਸਾਈਆਂ ਦੁਆਰਾ ਮੁਸਲਮਾਨਾਂ ਦੇ ਵਿਰੁੱਧ ਛੇੜੇ ਗਏ ਧਾਰਮਿਕ ਯੁੱਧਾਂ ਦੀ ਯਾਦ ਦਿਵਾਉਂਦੇ ਹਨ। ਇਸ ਲਈ ਇਸ ਸਮੂਹ ਨੇ ਇੰਗਲੈਂਡ ਦੇ ਸਮਰਥਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਅਜਿਹੇ ਫੈਂਸੀ ਡਰੈੱਸ ਨਾ ਪਹਿਨਣ।

### ਕੱਪੜੇ ਉਤਾਰਨ ਦੀ ਮਨਾਹੀ

ਫੀਫਾ ਦੁਆਰਾ ਪ੍ਰਕਾਸ਼ਿ?ਤ ਕਤਰ ਲਈ ਆਚਾਰ ਸੰਹਿਤਾ ਦੇ ਅਨੁਸਾਰ, ਪ੍ਰਸੰਸਕ ਕੱਪੜੇ ਨਹੀਂ ਉਤਾਰ ਸਕਦੇ ਹਨ ਜਾਂ “ਬਿਨਾਂ ਕਮੀਜ ਦੇ ਨਹੀਂ ਰਹਿ ਸਕਦੇ ਹਨ ਜਾਂ ਅਜਿਹੀ ਸਥਿਤੀ ਵਿੱਚ ਨਹੀਂ ਰਹਿ ਸਕਦੇ ਹਨ ਜਿਸ ਉਨ੍ਹਾਂ ਦੇ ਅਜਿਹੇ ਸਰੀਰਿਕ ਅੰਗ ਨਜ਼ਰ ਆਉਣ ਜਿਨ੍ਹਾਂ ਨਾਲ ਇਤਰਾਜ਼ ਹੋਵੇ“। ਹਾਲਾਂਕਿ ਯੂਕੇ ਵਿੱਚ ਫੁੱਟਬਾਲ ਮੈਚਾਂ ਦੇ ਰੋਮਾਂਚਕ ਪਲਾਂ ਦੌਰਾਨ ਕਮੀਜ ਉਤਾਰਨ ਵਰਗੀਆਂ ਚੀਜ਼ਾਂ ਆਮ ਹੋ ਸਕਦੀਆਂ ਹਨ ਪਰ ਕਤਰ ਵਿੱਚ ਅਜਿਹਾ ਕਰਨ ‘ਤੇ ਪ੍ਰਸੰਸਕਾਂ ਨੂੰ ਜੁਰਮਾਨਾ ਭਰਨਾ ਪੈ ਸਕਦਾ ਹੈ।

### ਸੰਗੀਤ ਯੰਤਰਾਂ ’ਤੇ ਪਾਬੰਦੀ

ਟਾਇਲਟ ਤੋਂ ਇਲਾਵਾ ਕਿਸੇ ਵੀ ਹੋਰ ਥਾਂ ‘ਤੇ ਪਿਸਾਬ ਕਰਨਾ, ਕੂੜਾ ਫੈਲਾਉਣਾ ਅਤੇ ਸਿਗਰਟ ਪੀਣਾ ਵੀ ਮਨ੍ਹਾ ਹੈ। ਇਸ ਤੋਂ ਇਲਾਵਾ ਸਰ ‘ਤੇ ਸਿੰਗ ਲਗਾਉਣਾ ਅਤੇ ਸੰਗੀਤਕ ਯੰਤਰਾਂ ‘ਤੇ ਵੀ ਪਾਬੰਦੀ ਹੈ। ਅਧਿਕਾਰੀਆਂ ਮੁਤਾਬਕ, ਉਹ 2010 ਵਾਲੇ ਟੂਰਨਾਮੈਂਟ ਦੀ ਸਥਿਤੀ ਨਹੀਂ ਦੁਹਰਾਉਣਾ ਚਾਹੁੰਦੇ ਜਦੋਂ ਇੱਕ ਸੰਗੀਤ ਯੰਤਰ ਵੁਵੁਜੇਲਾ ਹੀ ਦੱਖਣੀ ਅਫਰੀਕਾ ਵਿੱਚ ਵਿਸਵ ਕੱਪ ਦਾ ਸਾਉਂਡਟ੍ਰੈਕ ਬਣ ਗਿਆ ਸੀ। ਇਸ ਦੇ ਨਾਲ ਹੀ ਪ੍ਰਸ਼ੰਸਕਾਂ ਨੂੰ ਆਪਣੇ ਨਾਲ ਜਲਨਯੋਗ ਵਸਤੂਆਂ ਅਤੇ ਵਧੇਰੇ ਮਾਤਰਾ ਵਿੱਚ ਕਾਗਜ਼ ਆਦਿ ਲੈ ਕੇ ਜਾਣ ਦੀ ਵੀ ਮਨਾਹੀ ਹੈ।

The ONLY temple in the world outside India dedicated to Shri Shani Maharaj

Shri SHANI DEV Mandir, New York
Sarvamangala Shri SANEESWARA Temple, New York

*Regular Poojas' and Homas' are conducted on daily basis:*

*Special Poojas:*
*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More... ....*



1616 Hillside Avenue, Temple Suits
New Hyde Park NY 11040
Ph: 718 740 9400 / 516 358 9400
Email: temple.navagraha@gmail.com

Temple Hours: 8.00 am to 9.00 pm

*The Temple entrance is in the western side parking lot behind Hot Breads & Maharajas in New Hyde Park NY*

*Functions of the space:*
*Temple / Community Events / Senior Social Day Care Center / Art & Music School / Library / Spiritual Lounge / Gift Shop*

www.NavagrahaUSA.com



**For more family celebrations, get your updated COVID vaccine.**

Updated vaccines now protect against both the original COVID virus and Omicron, just in time for the holidays to protect yourself and those you love. Schedule your free updated vaccine today.

**Find updated COVID vaccines for everyone 5+ at vaccines.gov**

Paid for by the U.S. Department of Health and Human Services.

WE CAN DO THIS


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ਪਿਛਲੇ 13 ਸਾਲਾਂ ਤੋਂ
ਪੰਜਾਬੀ ਦੁਨੀਆ ਮੀਡੀਆ ਹਾਊਸ
ਦਿਲ ਦੀਆਂ ਗਹਿਰਾਈਆਂ ਵਿਚੋਂ ਦਿੱਤੇ
ਪਿਆਰ ਲਈ ਆਪ ਜੀ ਦਾ ਅਤਿ ਧੰਨਵਾਦੀ ਹੈ
ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਤੁਸੀਂ
ਸਾਨੂੰ ਘਰ ਘਰ ਦੀ ਪਸੰਦ ਬਣਾ ਦਿੱਤਾ ਹੈ।
ਅਜਿਹੇ ਵਿਚ ਅਸੀਂ ਪਹਿਲਾਂ ਨਾਲੋਂ ਵੀ ਵਧੇਰੇ
ਮਿਹਨਤ ਨਾਲ ਕੰਮ ਕਰਨ ਲਈ ਵਚਨਬੱਧ ਹਾਂ
ਪਰ ਤੁਹਾਡੇ ਸਾਥ ਤੋਂ ਬਿਨਾ ਕੁਝ ਵੀ ਸੰਭਵ ਨਹੀਂ,
ਸੋ ਪੰਜਾਬੀ ਦੁਨੀਆ ਅਖ਼ਬਾਰ ਪੜ੍ਹਨ ਲਈ ਕਲਿੱਕ ਕਰੋ
www.punjabiduniya.com
Phone: 917 612 3158 TelFax : 516 342 1076
P.O Box 7005 Hicksville New York 11801

# ਚਿੱਟੇ ਦਾ ਮਾਰਿਆ ਪਿੰਡ ਨਹੀਂ ਸਗੋਂ ਪੰਜਾਬ ਛੱਡਣ ਲਈ ਹੋਇਆ ਮਜ਼ਬੂਰ ?

ਮੈਨੂੰ ਜਦੋ ਉੱਡਦੀ ਉੱਡਦੀ ਗੱਲ ਦਾ ਪਤਾ ਲੱਗਾ ਕਿ ਕਹਿੰਦੇ ਨੇ ਚਾਨਣ ਸਿਹੁੰ ਨੇ ਜ਼ਮੀਨ ਵੇਚਣੀ ਰੱਖ ਦਿਤੀ ਹੈ ਪਰ ਮੈਨੂੰ ਭੋਰਾ ਵੀ ਯਕੀਨ ਨਾ ਆਇਆ ਕਿ ਇਹ ਨਹੀਂ ਹੋ ਸਕਦਾ ?ਪਹਿਲਾਂ ਵੀ ਕਿ ਵਾਰੀ ਸੁਣਿਆ ਸੀ ਕਿ ਚਾਨਣ ਸਿਹੁੰ ਮਜ਼ਾਕੀਆ ਸੁਭਾਅ ਦਾ ਬੰਦਾ ਹੈ ?ਇਸ ਤਰਾਂ ਦੇ ਮਜਾਕ ਕਰਨਾ ਉਸ ਦਾ ਸੌਕ ਹੈ ? ਹੁਣ ਐਵੇ ਲੋਕਾਂ ਨਾਲ ਮਜ਼ਾਕ ਕਰਦਾ ਹੋਵੇਗਾ ?ਕਹਿੰਦਾ ਹੋਵੇਗਾ ਕਿ ਵੇਖਦੇ ਹਾਂ ਕਿ ਜਮੀਨ ਦੀ ਕਿੰਨੀ ਕੁ ਕੀਮਤ ਹੋ ਗਈ ਹੈ ? ਸੁਖ ਨਾਲ ਦੋ ਮੁੰਡੇ ਉਹ ਵੀ ਵਿਆਹੇ ਵਰੇ ਨੇ ,ਅਗੋ ਪੋਤੇ ਪੋਤਰੀਆਂ ਵੀ ਹੋ ਗਏ ਨੇ ?ਪੈਲੀ ਵੀ ਸੰਢੇ ਦੀ ਸਿਰ ਵਰਗੀ ਉਹ ਵੀ ਨਿਆਈ ਦੀ ?ਸੋਹਣਾ ਕਾਰੋਬਾਰ ਚਲਿਆ ਹੋਇਆ ਏ ਕਿਸੇ ਚੀਜ਼ ਦੀ ਕਮੀ ਨਹੀਂ ?ਪਤਾ ਨਹੀਂ ਫਿਰ ਵੀ ਕਿਉਂ ਜਮੀਨ ਵੇਚਣ ਦੀ ਚਰਚਾ ਪਿੰਡ ਵਿਚ ਛੇੜ ਦਿਤੀ ਹੈ ? ਲੋਕ ਜੇ ਸਥ ਵਿੱਚ ਬੈਠਦੇ ਤਾਂ ਚਰਚਾ ਚਾਨਣ ਸਿਹੁੰ ਦੀ ਹੁੰਦੀ ? ਜਿੱਥੇ ਵੀ ਲੋਕ ਇਕੱਠੇ ਹੁੰਦੇਉੱਥੇ ਇੱਕੋ ਇੱਕ ਗੱਲ ਚਾਨਣ ਸਿੰਘ ਦੀ ਜਮੀਨ ਵੇਚਣ ਦੀ ਹੁੰਦੀ ?ਮੂੰਹ ਜੋੜ ਕੇ ਗੱਲਾਂ ਜਰੂਰ ਹੁੰਦੀਆਂ ਪਰ ਕਿਸੇ ਦੀ ਹਿੰਮਤ ਨਾ ਪੈਂਦੀ ? ਕੀ ਚਾਨਣ ਸਿੰਘ ਨੂੰ ਹੀ ਪੁੱਛ ਲਿਆ ਜਾਵੇ ਕਿ ਗੱਲ ਸਹੀ ਹੈ ਜਾਂ ਅਫਵਾਹ ਹੈ ?ਦਲਾਲ ਜਮੀਨ ਦੇ ਦੁਆਲੇ ਚੱਕਰ ਲਗਾਤਾਰ ਲਾਉਂਦੇ ਫਿਰਦੇ ਸਨ ?ਅਸਿਓ ਪਾਸਿਓ ਇਹ ਪੁੱਛਦੇ ਫਿਰਦੇ ਕਿ ਇਹ ਜਮੀਨ ਕੋਈ ਲੜਾਈ ਝਗੜੇ ਵਾਲੀ ਤਾਂ ਨਹੀਂ ਹੈ ?ਕਈ ਦਲਾਲ ਤਾਂ ਜਮੀਨ ਦਾ ਭਾਅ ਵੀ ਤਹਿ ਕਰੀ ਫਿਰਦੇ ਸਨ ?ਹੁਣ ਇਸ ਗੱਲ ਦੀ ਕਿਸੇ ਨੂੰ ਸਮਝ ਨਹੀਂ ਪੈ ਰਹੀ ਸੀ ਕਿ ਆਖਿਰ ਕਿਉਂ ਜਮੀਨ ਵੇਚੀ ਜਾ ਰਹੀ ਹੈ ? ਇਕ ਦਿਨ ਕੀ ਹੋਇਆ ਕਿ ਅਸੀਂ ਸਵੇਰੇ ਸਵੇਰੇ ਗੁਰੁਦਵਾਰੇ ਤੋਂ ਇਕੱਠੇ ਹੀ ਬਾਹਰ ਨਿੱਕਲੇ ?ਹਾਲ ਚਾਲ ਪੁੱਛਿਆ ਹੋਰ ਗੱਲਾਂ ਤੁਰਦਿਆਂ ਤੁਰਦਿਆਂ ਨੇ ਕੀਤੀਆ ?ਪਰ ਦਿਲ ਅੰਦਰੋਂ ਅੰਦਰ ਇਹ ਕਹਿ ਰਿਹਾ ਸੀ ਕਿ ਤੂੰ ਹੀ ਚਾਨਣ ਸਿੰਘ ਨੂੰ ਪੁੱਛ ਲੈ ?ਪਰ ਮੇਰੀ ਹਿੰਮਤ ਨਹੀਂ ਪੈ ਰਹੀ ਸੀ ਕਿ ਕਿਵੇਂ ਗੱਲ ਕਰਾਂ ?ਕੀ ਜਮੀਨ ਤੁਸੀਂ ਸੱਚੀ ਮੁਚੀ ਵੇਚਣੀ ਰੱਖੀ ਹੈ ਜਾਂ ਲੋਕ ਐਵੇ ਹੀ ਅਫਵਾਹਾਂ ਛੱਡਦੇ ਫਿਰਦੇ ਨੇ ?ਖੈਰ ਮੁਕਦੀ ਗੱਲ ਕੀ ਕਿ ਮੈ ਹਿੰਮਤ ਕਰ ਕੇ ਪੁੱਛ ਲਿਆ ? ਭਾਅ ਜੀ ਮੈ ਸੁਣਿਆ ਏ ਕਿ ਤੁਸੀਂ ਸਾਨੂੰ ਛੱਡ ਕਿ ਵਿਦੇਸ਼ ਜਾ ਰਹੇ ਹੋ ?ਹਾਂ ਹਾਂ ਜਾ ਰਹੇ ਹਾਂ ਵਿਦੇਸ਼ ਮੇਰਾ ਪਿਉ ਕਨੈਡਾ ਰਹਿੰਦਾ ਏ ਨਾ ? ਛੋਟੇ ਵੀਰ ਕਿਸ ਦਾ ਜੀਅ ਕਰਦਾ ਏ ਆਪਣਾ ਬਣਿਆ ਬਣਾਇਆ ਟਿਕਾਣਾ ਛੱਡਣ ਨੂੰ ?ਕਈ ਵਾਰ ਬੰਦੇ ਨੂੰ ਮਜ਼ਬੂਰੀਆਂ ਹੀ ਮਜ਼ਬੂਰ ਕਰ ਦਿੰਦੀਆਂ ਹਨ ?ਸਭ ਕੁਝ ਪਤਾ ਹੁੰਦਿਆਂ ਹੋਇਆ ਵੀ ਕੁਝ ਨਹੀਂ ਕਰ ਸਕਦਾ ?ਭਾਅ ਜੀ ਤੁਸੀਂ ਦਿਲਦਾਰ ਇਨਸਾਨ ,ਤੁਸਾਂ ਬਹੁਤ ਉਤਰਾ ਚੜ੍ਹਾ ਵੇਖੇ ਹੋਣਗੇ ਜਿੰਦਗੀ ਵਿੱਚ ?ਤੁਹਾਡੀਆਂ ਤਾਂ ਗੱਲਾਂ ਸਾਰਾ ਪਿੰਡ ਕਰਦਾ ਏ ਕਿ ਤੁਸੀਂ ਕਦੇ ਜਿੰਦਗੀ ਵਿਚ ਹਾਰ ਨਹੀਂ ਮੰਨੀ ?ਪਰ ਹੁਣ ਇਹ ਸਭ ਕੁਝ ਤੁਸੀਂ ਕਿਉਂ ਕਰ ਰਹੇ ਹੋ ?ਵੇਖ ਛੋਟੇ ਵੀਰ ਤੁਸਾਂ ਸੁਣਿਆ ਹੋਣਾ ਏ ਕਿ ਜਿਹੜਾ ਇਨਸਾਨ ਦੁਨੀਆਂ ਵਿੱਚੋ ਕਿਸੇ ਕੋਲੋ ਨਹੀਂ ਹਾਰਦਾ ? ਆਖਿਰ ਉਹ ਆਪਣੀ ਔਲਾਦ ਅਗੇ ਹਾਰ ਹੀ ਜਾਂਦਾ ਏ ?ਬਸ ਉਹੀ ਗੱਲ ਮੇਰੇ ਨਾਲ ਹੋਈ ਏ ਮੈ ਤੈਨੂੰ ਹੁਣ ਕੀ ਦਸਾਂ ?ਨਹੀਂ ਨਹੀਂ ਇਹੋ ਜਿਹੀ ਕੋਈ ਗੱਲ ਨਹੀਂ ?ਨੇ ਸਿਆਣੇ ਕਹਿੰਦੇ ਨੇ ਕਿ ਦੁੱਖ ਵੰਡਾਇਆ ਅੱਧਾ ਰਹਿ ਜਾਂਦਾ ਹੈ ਹੈ ਤੇ ਖੁਸ਼ੀ ਵੰਡਾਇਆ ਦੁਗਣੀ ਹੋ ਜਾਂਦੀ ਹੈ ?ਉਹ ਗੱਲ ਤਾਂ ਤੇਰੀ ਠੀਕ ਏ ਪਰ ਜਿਹੜੀ ਗੱਲ ਦਾ ਹਲ ਹੀ ਨਾ ਹੋਵੇ ,ਉਹ ਗੱਲ ਕਰਨ ਦਾ ਕੀ ਫਾਇਦਾ ਏ ?ਜੇ ਤੂੰ ਮੇਰੀ ਦੁਖਦੀ ਰਗ ਉਤੇ ਹੱਥ ਰੱਖ ਹੀ ਲਿਆ ਏ ਤੇ ਮੈ ਤੈਨੂੰ ਦਸ ਹੀ ਦਿੰਦਾ ਹਾਂ ?ਕਿ ਮੇਰੇ ਨਾਲ ਕਿਹੜੀ ਬੀਤ ਰਹੀ ਏ ?ਪਹਿਲਾਂ ਤਾਂ ਆ ਆਪਾਂ ਬੈਠ ਹੀ ਜਾਈਏ ਇਹੋ ਜਿਹੀ ਗੱਲਾਂ ਤੁਰਦਿਆਂ ਫਿਰਦਿਆਂ ਨਹੀਂ ਹੁੰਦੀਆਂ ?ਅਸੀਂ ਇਕਾਂਤ ਜਿਹੀ ਜਗ੍ਹਾ ਤੇ ਚਲੇ ਗਏ ਉਧਰੋਂ ਸੂਰਜ ਦੇਵਤਾ ਵੀ ਅੰਗੜਾਈ ਲੈਣ ਲਗ ਪਿਆ ?ਮੈਨੂੰ ਇੰਝ ਲਗ ਰਿਹਾ ਸੀ ਕਿ ਜਿਵੇ ਕਿ ਉਹ ਸਾਡੀਆਂ ਗੱਲਾਂ ਸੁਣਨ ਵਾਸਤੇ ਕਾਹਲਾ ਪੈ ਰਿਹਾ ਸੀ ?ਜਿਵੇ ਹੀ ਅਸੀਂ ਜਮੀਨ ਤੇ ਬੈਠੇ ਤੇ ਚਾਨਣ ਸਿਹੁੰ ਨੇ ਆਪਣੀ ਦੁਖਾਂ ਦੀ ਪਟਾਰੀ ਖੋਲ ਦਿੱਤੀ ?ਸੁਣ ਛੋਟੇ ਵੀਰ ਤੈਨੂੰ ਸ਼ਾਇਦ ਪਤਾ ਹੀ ਹੋਵੇਗਾ ਕਿ ਨਾ ਮੈ ਤੇ ਨਾ ਮੇਰੇ ਬਾਪ ਨੇ ਸਾਰੀ ਉਮਰ ਕੋਈ ਨਸ਼ਾ ਕੀਤਾ ਸੀ ?ਅਸੀਂ ਦੋਵੇ ਪਿਉ ਪੁੱਤਰ ਭਰਾਵਾਂ ਵਾਂਗੂ ਰਹਿੰਦੇ ਸੀ ?ਸਾਰਾ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੁੰਦੇ ਰਹਿਣਾ ਤੇ ਸੀਰੀਆਂ ਨਾਲ ਕੰਮ ਵੀ ਕਰਾਉਣਾ ?ਕਦੇ ਸਰੀਰ ਨੇ ਥਕਾਵਟ ਮਹਿਸੂਸ ਹੀ ਨਹੀਂ ਕੀਤੀ ਸੀ ?ਤਾਂ ਜਾ ਕੇ ਇਹ ਇਹ ਘਰ ਬਣਾਇਆ ਏ ਨਾਲੇ ਪਹਿਲਾਂ ਕਿਹੜੀਆਂ ਖਾਦਾਂ ਸਪ੍ਰੇਹਾਂ ਹੁੰਦੀਆਂ ਸੀ ?ਫਸਲਾਂ ਵਿੱਚੋ ਘਾਹ ਤੇ ਨਦੀਨ ਵੀ ਗੋਡੀ ਕਰਕੇ ਹੀ ਕਢਦੇ ਸੀ ?ਝਾੜ ਵੀ ਘਟ ਹੋਣੇ ਤੇ ਫਸਲਾਂ ਦੇ ਰੇਟ ਵੀ ਕਿਥੇ ਇੰਨੇ ਮਿਲਦੇ ਸੀ ?ਤੁਹਾਡੇ ਵੀ ਬਜ਼ੁਰਗਾਂ ਨੂੰ ਪਤਾ ਹੀ ਹੈ ਉਹ ਵੀ ਸਾਡੇ ਵਾਂਗੂੰ ਮਿੱਟੀ ਨਾਲ ਮਿੱਟੀ ਹੁੰਦੇ ਫਿਰਦੇ ਸੀ ?ਹੁਣ ਆ ਗਈ ਏ ਨਵੀਂ ਪਨੀਰੀ ਉਹ ਸੋਚਦੀ ਹੈ ਕਿ ਸਭ ਕੁਝ ਪਹਿਲਾਂ ਤੋਂ ਹੀ ਬਣਿਆ ਬਣਾਇਆ ਵਿਰਾਸਤ ਵਿਚ ਮਿਲਿਆ ਹੋਣਾ ਏ ?ਮੇਰੇ ਦੋਵੇ ਵੱਡੇ ਮੁੰਡੇ ਜਿਹੜ੍ਹਾ ਆ ਚੰਦਰਾ ਨਸ਼ਾ ਚਿੱਟਾ ਚਲਿਆ ਹੋਇਆ ਏ ਉਹ ਖਾਣ ਲਗ ਪਏ ਨੇ ?ਬੜਾ ਸਮਝਾਇਆ ਏ ਪਰ ਕਿਥੇ ਮੰਨਦੇ ਨੇ ,ਕਈ ਸੈਂਟਰਾਂ ਦੇ ਧੱਕੇਵਾਈ ਖਾ ਆਏ ਨੇ ?ਉੱਥੇ ਪਤਾ ਨਹੀਂ ਕੀ ਖਾਂਦੇ ਪੀਂਦੇ ਨੇ ਪਿੰਡ ਆਉਂਦਿਆਂ ਹੀ ਨੇ ਘਰ ਆਉਂਦਿਆਂ ਹੀ ਖਾਣ ਲਗ ਜਾਂਦੇ ਨੇ ?ਉਹਨਾਂ ਦੇ ਬੇਲੀ ਸਾਥੀ ਇੱਕ ਦੂਜੇ ਨੂੰ ਮਿਲ ਕੇ ਸਾਰਾ ਪ੍ਰਬੰਧ ਕਰ ਦਿੰਦੇ ਹਨ ?ਮੇਰੀਆਂ ਨੂੰਹਾਂ ਮੈਨੂੰ ਕੋਸਦੀਆਂ ਨੇ ,ਉੱਤੋਂ ਕੁੜਮ ਵੀ ਮੇਰੀ ਬੇਇੱਜਤੀ ਕਰਦੇ ਨੇ ?ਮੈ ਕਿਹੜਾ ਉਹਨਾਂ ਨੂੰ ਨਸ਼ੇ ਤੇ ਆਪ ਲਾਇਆ ਏ ?ਨਾ ਪੁਲਿਸ ਕੁਝ ਕਰਦੀ ਏ ਤੇ ਨਾ ਕੋਈ ਹੋਰ ?ਉਪਰੋਂ ਪੋਤੇ ਪੋਤੀਆਂ ਵੀ ਜਵਾਨ ਹੋਣ ਲਗ ਪਏ ਨੇ ਉਹ ਕੀ ਸਿੱਖਣਗੇ ?ਬਹੁਤ ਮੁਸਕਲ ਹੋ ਗਈ ਏ ਸਾਰੀ ਸਾਰੀ ਰਾਤ ਸੋਚਦਿਆਂ ਦੀ ਲੰਘ ਜਾਂਦੀ ਹੈ ?ਕੀ ਕਰੀਏ ਤੇ ਕੀ ਨਾ ਕਰੀਏ ਇਹੋ ਹੀ ਸੋਚਦਾ ਰਹਿੰਦਾ ਹਾਂ ?ਕੋਈ ਬਾਂਹ ਫੜ੍ਹਨ ਵਾਲਾ ਵੀ ਨਜ਼ਰ ਨਹੀਂ ਆ ਰਿਹਾ ਸਭ ਮੇਰਾ ਸਾਥ ਛੱਡ ਗਏ ਹਨ ?ਇਸ ਕਰਕੇ ਛੋਟੇ ਵੀਰ ਮੈ ਹੁਣ ਫੈਸਲਾ ਕਰ ਲਿਆ ਹੈ ਕਿ ਜਮੀਨ ਜਾਇਦਾਦ ਵੇਚ ਕਿ ਮੈ ਰਾਜਸਥਾਨ ਹੀ ਚਲੇ ਜਾਣਾ ਹੈ ?ਉੱਥੇ ਆਪਣੇ ਪੰਜਾਬ ਨਾਲੋਂ ਕਈ ਗੁਣਾ ਚੰਗਾ ਏ ?ਤੁਸੀਂ ਕਦੇ ਵੀ ਨਹੀਂ ਸੁਣਿਆ ਹੋਣਾ ਕਿ ਉਥੇ ਚਿੱਟੇ ਦੇ ਨਾਲ ਕੋਈ ਮਰਿਆ ਹੋਵੇ ?ਇਥੇ ਕੋਈ ਦਿਨ ਖਾਲੀ ਨਹੀਂ ਲੰਘਦਾ ਜਿਸ ਦਿਨ ਕੋਈ ਚਿੱਟੇ ਨਾਲ ਨਾ ਮਰਦਾ ਹੋਵੇ ?ਇਹੋ ਜਿਹੀ ਇੱਕ ਖਾਣ ਨਾਲੋਂ ਅੱਧੀ ਖਾ ਕੇ ਗੁਜ਼ਾਰਾ ਕਰ ਲਵਾਂਗੇ ਪਰ ਰੋਜ਼ ਰੋਜ਼ ਦੀ ਮੌਤ ਨਾਲੋਂ ਤਾਂ ਚੰਗਾ ਏ ?ਹੁਣ ਤੂੰ ਆਪ ਹੀ ਹਿਸਾਬ ਲਾ ਲੈ ਆਪਣੇ ਹੀ ਪਿੰਡ ਕਿੰਨੇ ਗਭਰੂ ਮੁੰਡੇ ਚਿੱਟੇ ਖਾਣ ਨਾਲ ਮਰ ਗਏ ਨੇ ? ਜੇ ਇਵੇਂ ਹੀ ਚਲਦਾ ਰਿਹਾ ਤਾਂ ਮੇਰੇ ਮੁੰਡਿਆਂ ਨੇ ਬਹੁਤੇ ਦਿਨ ਨਹੀਂ ਕੱਢਣੇ ?ਇੱਕ ਦਿਨਇਹਨਾਂ ਦੀ ਵੀ ਖਬਰ ਅਖਬਾਰਾਂ ਵਿੱਚ ਛਪ ਜਾਵੇਗੀ ?ਇਸੇ ਕਰਕੇ ਮੈ ਕੰਨ ਲਪੇਟ ਕੇ ਇਥੋਂ ਨਿੱਕਲਣ ਦਾ ਫੈਸਲਾ ਕੀਤਾ ਹੈ ? ਤੂੰ ਜੋ ਵੀ ਮੇਰੀ ਜਮੀਨ ਵੇਚਣ ਬਾਰੇ ਸੁਣਿਆ ਹੈ ਉਹ ਸਹੀ ਹੈ ਅਫਵਾਹ ਨਹੀਂ ? ਗੱਲਾਂ ਕਰਦੇ ਕਰਦੇ ਦੇ ਅੱਖਾਂ ਵਿੱਚੋ ਪਾਣੀ ਦੀ ਝਲਾਰ ਛੁਟ ਪਈ ?ਹੁਣ ਮੇਰੇ ਕੋਲ ਉਸ ਦੀ ਕਿਸੇ ਵੀ ਗੱਲ ਦਾ ਕੋਈ ਜਬਾਬ ਨਹੀਂ ਸੀ ?ਵਾਕਿਆ ਹੀ ਉਹ ਨਸ਼ੇ ਦੇ ਮਾਰ ਦਾ ਮਾਰਿਆ ਅੱਜ ਪਿੰਡ ਨਹੀਂ ਸਗੋਂ ਪੰਜਾਬ ਛੱਡਣ ਲਈ ਮਜ਼ਬੂਰ ਹੋ ਗਿਆ ਏ ।

# ਕਿਉਂ ਜਾ ਰਹੇ ਨੇ ਵਿਦੇਸ਼ਾਂ ਨੂੰ ਬੱਚੇ?

ਏਹ ਇੱਕ ਸਵਾਲ ਹੀ ਨਹੀਂ, ਇੱਕ ਸਮਸਿਆ ਤੇ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ।ਹਰ ਬੱਚਾ ਤੇ ਮਾਪੇ ਸਿਰਫ਼ ਬਾਹਰਵੀਂ ਦੀ ਪੜ੍ਹਾਈ ਦਾ ਇੰਤਜ਼ਾਰ ਕਰਦੇ ਲੱਗਦੇ ਹਨ।ਕਦੇ ਕਿਸੇ ਨੇ ਇਸ ਮਸਲੇ ਬਾਰੇ ਸੋਚਿਆ ਹੀ ਨਹੀਂ, ਨਾ ਕਿਸੇ ਸਿਆਸੀ ਪਾਰਟੀ ਨੂੰ ਇਸ ਬਾਰੇ ਫਿਕਰ ਹੈ ਤੇ ਨਾ ਹੀ ਇੰਨਾ ਨਾਲ ਕੰਮ ਕਰਦੀ ਬਾਬੂਸ਼ਾਹੀ ਨੂੰ।ਏਹ ਕੋਈ ਫ਼ਖਰ ਦੀ ਗੱਲ ਨਹੀਂ ਹੈ ਕਿ ਸੱਭ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾ ਰਹੇ ਨੇ ਜਾ ਉਥੇ ਕਿਸੇ ਨਾ ਕਿਸੇ ਤਰ੍ਹਾਂ ਪੱਕੇ ਰਹਿਣ ਲਈ ਹੱਥ ਪੈਰ ਮਾਰਦੇ ਹਨ।ਪੰਜਾਬ ਵਿੱਚ ਅਮੀਰਾਂ ਦੇ ਬੱਚਿਆਂ ਦਾ ਵਿਦੇਸ਼ਾਂ ਵਿੱਚ ਪੜ੍ਹਨਾ ਪੁਰਾਣਾ ਰੁਝਾਨ ਹੈ।ਇੰਨਾ ਦੇ ਤਾਂ ਆਪਣੇ ਕਾਰੋਬਾਰ ਹਨ ਆਕੇ ਫਿਰ ਆਲੀਸ਼ਾਨ ਦਫਤਰਾਂ ਵਿੱਚ ਬੈਠ ਜਾਂਦੇ ਹਨ।ਇੱਕ ਤਬਕਾ ਉਹ ਹੈ ਥੋੜਾ ਸੌਖਾ ਬੰਦੋਬਸਤ ਕਰਕੇ ਬੱਚਿਆਂ ਨੂੰ ਵਿਦੇਸ਼ ਭੇਜ ਰਿਹਾ ਹੈ ,ਅਗਲਾ ਤਬਕਾ ਉਹ ਹੈ ਜੋ ਆਪਣੇ ਬੱਚਿਆਂ ਦੇ ਭਵਿੱਖ ਲਈ ਜ਼ਮੀਨਾਂ ਜਾਂ ਕੋਈ ਹੋਰ ਜਾਇਦਾਦ ਵੇਚਕੇ ਭੇਜਦੇ ਹਨ।ਏਹ ਹੈ ਸਾਡੇ ਦੇਸ਼ ਦੀਆਂ ਸਰਕਾਰਾਂ ਦੀਆਂ ਨੀਤੀਆਂ।ਪੰਜਾਬ ਇਕੱਲੇ। ਦੀ ਗੱਲ ਕਰੀਏ ਤਾਂ ਲੱਖਾਂ ਦੀ ਗਿਣਤੀ ਵਿੱਚ ਬੱਚੇ ਵਿਦੇਸ਼ਾਂ ਵਿੱਚ ਜਾ ਰਹੇ ਨੇ ਇੱਕ ਇੱਕ ਬੱਚੇ ਤੇ ਤਕਰੀਬਨ ਵੀਹ ਲੱਖ ਰੁਪਏ ਤਾਂ ਲਗਦੇ ਹੀ ਨੇ।ਪੰਜਾਬ ਵਿੱਚੋਂ ਕਿੰਨਾ ਪੈਸਾ ਵਿਦੇਸ਼ਾਂ ਵਿੱਚ ਚਲਾ ਗਿਆ ਤੇ ਨਾਲ ਹੀ ਨੌਜਵਾਨ ਤਾਕਤ,ਸ਼ਕਤੀ ਤੇ ਦਿਮਾਗ ਵੀ ਚਲਾ ਗਿਆ।ਸੋਚਣ ਵਾਲੀ ਗੱਲ ਹੈ ਕਿ ਵਿਦੇਸ਼ਾਂ ਦਾ ਰੁਝਾਨ ਕਿਉਂ ਹੈ ?ਇਸਨੂੰ ਰੋਕਣਾ ਚਾਹੀਦਾ ਹੈ ਜਾਂ ਨਹੀਂ ?ਅਗਰ ਨੌਜਵਾਨ ਨਹੀਂ ਜਾਂਦੇ ਤਾਂ ਇਥੇ ਕੀ ਕਰਨ ?ਸਰਕਾਰ ਦਾ ਕੀ ਫਰਜ਼ ਹੈ ?ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ ਤੇ ਇਵੇਂ ਦੇ ਬਹੁਤ ਸਾਰੇ ਸਵਾਲ ਹਨ।

ਨੌਜਵਾਨ ਕਿਸੇ ਵੀ ਪ੍ਰਾਂਤ ਤੇ ਦੇਸ਼ ਦੀ ਸ਼ਕਤੀ ਹੁੰਦੇ ਹਨ ਜਿੰਨਾ ਨੂੰ ਅਸੀਂ ਜਾਣੇ ਅਣਜਾਣੇ ਵਿਦੇਸ਼ਾਂ ਵਿੱਚ ਧਕੇਲ ਰਹੇ ਹਾਂ।ਹਰ ਨੌਜਵਾਨ ਤੇ ਮਾਪੇ ਵਧੀਆ ਪੜ੍ਹਾਈ ਤੇ ਪੜ੍ਹਾਈ ਤੋਂ ਬਾਦ ਰੁਜ਼ਗਾਰ ਚਾਹੁੰਦੇ ਹਨ।ਜਦੋਂ ਉਹ ਹੱਥਾਂ ਵਿੱਚ ਡਿਗਰੀਆਂ ਫੜੀ ਨੌਜਵਾਨਾਂ ਨੂੰ ਦਫ਼ਤਰਾਂ ਵਿੱਚ ਖੱਜਲ ਹੁੰਦੇ ਵੇਖਦੇ ਹਨ,ਸੜਕਾਂ ਤੇ ਧਰਨੇ ਦਿੰਦੇ ਵੇਖਦੇ ਹਨ,ਉਨਾਂ ਤੇ ਹੋ ਰਹੇ ਲਾਠੀਚਾਰਜ ਤੇ ਪਾਣੀ ਦੀਆਂ ਬੁਛਾਰਾਂ ਪੈਂਦੀਆਂ ਵੇਖਦੇ ਹਨ ਤਾਂ ਉਹ ਅੰਦਰੋਂ ਕੰਬ ਉੱਠਦੇ ਹਨ ਕਿ ਸਾਡੇ ਬੱਚੇ ਵੀ ਇਸ ਵਿੱਚ ਸ਼ਾਮਿਲ ਹੋ ਜਾਣਗੇ।ਮਾਸਟਰ ਡਿਗਰੀਆਂ ਕਰਕੇ , ਐਮਫਿਲ,ਪੀ.ਐਚ.ਡੀ ਤੇ ਲਾਅ ਵਰਗੀਆਂ ਡਿਗਰੀਆਂ ਕਰਕੇ ਆਂਗਣਵਾੜੀ ਸਕੂਲਾਂ ਵਿੱਚ ਪੰਜ ਹਜ਼ਾਰ ਦੀ ਨੌਕਰੀ ਕਰਦੇ ਹਨ ਨੌਜਵਾਨ ਤੇ ਫੇਰ ਉਸ ਲਈ ਵੀ ਤਰਸਦੇ ਹਨ।ਧੱਕੇ ਖਾਂਦਿਆਂ ਨੌਕਰੀਆਂ ਦੀ ਉਮਰ ਲੰਘ ਜਾਂਦੀ ਹੈ ਤੇ ਨਾਲ ਵਿਆਹ ਦੀ।ਨੌਕਰੀਆਂ ਨਾ ਮਿਲਨ ਕਰਕੇ ਬੱਚੇ ਮਾਨਸਿਕ ਤੌਰ ਤੇ ਬਿਮਾਰ ਹੋ ਰਹੇ ਹਨ,ਪ੍ਰਾਇਵੇਟ ਨੌਕਰੀਆਂ ਵਿੱਚ ਹਰ ਵੇਲੇ ਜਵਾਬ ਮਿਲ ਜਾਣ ਦਾ ਡਰ ਬਣਿਆ ਰਹਿੰਦਾ ਹੈ।ਕਿੰਨੇ ਘੰਟੇ ਕੰਮ ਕਰਵਾਉਣਾ, ਉਸਦਾ ਕੋਈ ਹਿਸਾਬ ਨਹੀਂ।ਹਰ ਜਗ੍ਹਾ ਅੱਠ ਘੰਟੇ ਹੁੰਦਾ ਹੈ ਕੰਮ ਕਰਨ ਦਾ ਸਮਾਂ, ਉਸ ਤੋਂ ਬਾਦ ਉਵਰ ਟਾਇਮ ਦੇ ਪੈਸੇ ਮਿਲਦੇ ਹਨ ਪਰ ਸਾਡੇ ਇਥੇ ਅਜਿਹਾ ਕੁਝ ਨਹੀਂ।ਕੰਮ ਨਹੀਂ ਤਾਂ ਬੇਰੁਜ਼ਗਾਰੀ ਦੀ ਕੋਈ ਸੁਵਿਧਾ ਨਹੀਂ।ਗੱਲ ਕੀ ਸੋਸ਼ਲ ਸਕਓਰਟੀ ਦੇ ਨਾਮ ਤੇ ਕੁਝ ਵੀ ਨਹੀਂ।ਜਿਸ ਪ੍ਰਾਂਤ ਜਾਂ ਦੇਸ਼ ਕੋਲੋਂ ਆਪਣੀ ਯੁਵਾ ਸ਼ਕਤੀ ਨਹੀਂ ਸੰਭਾਲੀ ਜਾਂਦੀ ਉਹ ਵਿਕਾਸ ਤੇ ਤਰੱਕੀ ਦੇ ਰਾਹ ਤੇ ਕੁੱਝ ਵੀ ਬਹੁਤਾ ਨਹੀਂ ਕਰ ਸਕਦਾ।ਪੰਜਾਬੀ ਮਿਹਨਤੀ ਤੇ ਜੋਸ਼ੀਲੇ ਹਨ ਇਨਾਂ ਦੀ ਸ਼ਕਤੀ ਨੂੰ ਵਧੀਆ ਤਰੀਕੇ ਨਾਲ ਨਹੀਂ ਵਰਤਿਆ ਜਾ ਰਿਹਾ।ਇਥੇ ਰਹਿ ਕੇ ਬੱਚਿਆਂ ਦੇ ਹੱਥਾਂ ਵਿੱਚ ਡਿਗਰੀਆਂ ਤਾਂ ਹੋਣਗੀਆਂ ਪਰ ਰੁਜ਼ਗਾਰ ਨਹੀਂ।ਸਿਹਤ ਸਹੂਲਤਾਂ ਦੇ ਨਾਮ ਤੇ ਬੀਮਾਰ ਸਰਕਾਰੀ ਹਸਪਤਾਲ, ਖਾਣ ਵਾਲੀ ਹਰ ਚੀਜ਼ ਵਿੱਚ ਮਿਲਾਵਟ,ਹਰ ਦਫ਼ਤਰ ਵਿੱਚ ਰਿਸ਼ਵਤ ਤੇ ਭ੍ਰਿਸ਼ਟਾਚਾਰ, ਕੀ ਕਰਨਗੇ ਨੌਜਵਾਨ ਇਥੇ ਰਹਿਕੇ।ਸਰਕਾਰ ਵਿੱਤੀ ਤੌਰ ਤੇ ਵੀ ਨੁਕਸਾਨ ਕਰਵਾ ਰਹੀ ਹੈ ਤੇ ਨੌਜਵਾਨ ਸ਼ਕਤੀ ਵਿਦੇਸ਼ ਭੇਜਕੇ ਪੰਜਾਬ ਦੇ ਭਵਿੱਖ ਨਾਲ ਵੀ ਖਿਲਵਾੜ ਕਰ ਰਹੀ ਹੈ।ਵਿਦੇਸ਼ ਜਾਣ ਦਾ ਰੁਝਾਨ ਰੋਕਣ ਵਾਸਤੇ ਸਰਕਾਰ ਨੂੰ ਸੱਭ ਵਾਸਤੇ ਬਰਾਬਰ ਦੀ ਵਧੀਆ ਸਿਖਿਆ, ਸਿਖਿਆ ਦੇ ਬਾਦ ਰੋਜ਼ਗਾਰ ਦੇਣਾ ਬੇਹੱਦ ਜ਼ਰੂਰੀ ਹੈ।ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਤੇ ਗੰਭੀਰ ਨਾ ਹੋਣ ਕਰਕੇ ਜਾਂ ਸਿੱਧੇ ਸ਼ਬਦਾਂ ਵਿੱਚ ਕਹਿ ਲਈਏ ਤਾਂ ਸਰਕਾਰ ਦੀਆਂ ਨਾਕਾਮੀਆਂ ਕਰਕੇ, ਨੌਜਵਾਨਾਂ ਨੇ ਵਿਦੇਸ਼ਾਂ ਨੂੰ ਵਹੀਰਾਂ ਘੱਤੀਆਂ ਹੋਈਆਂ ਹਨ।ਏਹ ਖੁਸ਼ ਹੋਣ ਜਾਂ ਪਿੱਠ ਠੋਕਣ ਵਾਲੀ ਗੱਲ ਨਹੀਂ, ਗੰਭੀਰਤਾ ਨਾਲ ਸੋਚਣ ਵਾਲੀ ਹੈ।ਅਸੀਂ ਆਪਣੀ ਨੌਜਵਾਨ ਸ਼ਕਤੀ ਵਿਦੇਸ਼ਾਂ ਨੂੰ ਜਾਣੇ ਅਣਜਾਣੇ ਦੇ ਰਹੇ।ਕਿਸੇ ਨੂੰ ਘਰ ਪਰਿਵਾਰ ਤੇ ਆਪਣਿਆਂ ਨੂੰ ਛੱਡਣ ਦਾ ਸ਼ੌਕ ਨਹੀਂ ਹੁੰਦਾ,ਮਜ਼ਬੂਰੀ ਕਰਕੇ ਹੀ ਜਾ ਰਹੇ ਨੇ ਵਿਦੇਸ਼ਾਂ ਨੂੰ ਨੌਜਵਾਨ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**

**(A Division of Media Partners Capital , Inc.)**

**Address :**

**P.O Box 7005 Hicksville New York 11801**

**Phone: 917 612 3158 TelFax : 516 342 1076**

**punjabiduniya@gmail.com, thesouthasianinsider@gmail.com**

**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

WORKING CAPITAL R US




SOLUTIONS

SBA FINANCING | ASSET BASED LOANS | EQUIPMENT FINANCING
ACCOUNTS RECEIVABLES | BUSINESS LINES OF CREDIT

We look forward to your valued inquiry
for our Business Solutions.





Tel: 646 875 8495

info@workingcapitalrus.com
www. workingcapitalrus.com


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Weekly

Since April 2005 Editor : Sharnjit Singh Thind

Vol. 14 Issue 15 Wednesday 02 Jan to 08 Jan, 2019 www.PUNJABIDUNIYA.com Published Weekly from New York

# ਪੰਜਾਬੀ ਨੌਜਵਾਨਾਂ ਨੇ ਵਿਦੇਸ਼ ਉਡਾਰੀ ਮਾਰਨ ਲਈ ਖਰਚੇ 27000 ਕਰੋੜ

## ਸੱਜਣ ਕੁਮਾਰ ਨੂੰ ਸਿੱਖਾਂ ਕੋਲੋਂ ਬਚਾ-ਬਚਾ ਕੇ ਰੱਖੇਗਾ ਜੇਲ੍ਹ ਪ੍ਰਸ਼ਾਸਨ

## ਨਵੇਂ ਸਾਲ ਮੌਕੇ ਅਮਰੀਕੀ ਫੌਜ ਨੇ ਬੰਬ ਦਾ ਟਵੀਟ ਕਰਨ ਲਈ ਮੰਗੀ ਮੁਆਫ਼ੀ

## ਭਾਰਤ ਸਰਕਾਰ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਪਾਬੰਦੀ ਲਾਈ

Insurance

Property & Casualty

(See Full Page Advt. on Page 31)

Business, Liability, Disability, Workers Comp., E & O, Auto, Home,

917-612-3158

www.whitestonecorpusa.com




## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਸਿੱਧੂ ਮੂਸੇਵਾਲਾ ਕਤਲ ਦੇ 6 ਮਹੀਨੇ

## ਜਦੋਂ ਸਿੱਧੂ ਯੂਕੇ ਤੋਂ ਸਿਰਫ ਜੀਰੀ ਵੱਢਣ ਲਈ ਪਿੰਡ ਪਹੁੰਚੇ ਸੀ



### ਸਿੱਧੂ ਮੂਸੇਵਾਲਾ ਦੇ ਪਿੰਡ ਦੀ ਅਵਾਜ

- ਸਿੱਧੂ ਮੂਸੇਵਾਲਾ ਦਾ ਪਿੰਡ ਜਵਾਹਰ ਕੇ ਨੇੜੇ ਗੋਲੀਆਂ ਮਾਰ ਕੇ 29 ਮਈ, 2022 ਨੂੰ ਕਤਲ ਕਰ ਦਿੱਤਾ ਗਿਆ ਸੀ।
- ਪੁਲਿਸ ਮੁਤਾਬਕ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਤੇ ਗੈਂਗਸਟਰ ਲਾਰੈਂਸ ਬਿਸਨੋਈ ਇਸ ਅਪਰਾਧ ਪਿੱਛੇ ਸਨ।
- ਪੁਲਿਸ ਇਸ ਕੇਸ ਵਿੱਚ ਕਰੀਬ ਦੋ ਦਰਜਨ ਮੁਲਜਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।
- ਇਸ ਕੇਸ ਨਾਲ ਸਬੰਧਤ 2 ਕਥਿਤ ਮੁਲਜਮ ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਸਨ।
- ਸਿੱਧੂ ਮੂਸੇਵਾਲਾ ਦੇ ਕਤਲ ਨੂੰ 6 ਮਹੀਨੇ ਦਾ ਸਮਾਂ ਹੋਇਆ।

“ਬੜਾ ਕੰਮ ਦਾ ਜਵਾਕ ਸੀ। ਨਿੱਕਾ ਹੁੰਦਾ ਮੇਰੇ ਮੰਜੇ ‘ਤੇ ਖੇਡਦਾ ਰਹਿੰਦਾ ਸੀ। ਵੱਡਾ ਹੋਇਆ ਤਾਂ ਦੁਨੀਆ ਭਰ ‘ਚ ਚਮਕ ਗਿਆ। ਹੁਣ ਵੀ ਉਹ ਮੇਰੇ ਉਸੇ ਵਾਣ ਦੇ ਮੰਜੇ ‘ਤੇ ਆ ਕੇ ਬਹਿ ਜਾਂਦਾ ਸੀ। ਉਸ ਦੀ ਜੁਦਾਈ ਸਹਿਣ ਨਹੀਂ ਹੋ ਰਹੀ। ਇਸ ਤੋਂ ਵੱਧ ਮੈਂ ਕੁਝ ਨਹੀਂ ਬੋਲ ਸਕਦਾ।“ ਮਰਹੂਮ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ 85 ਸਾਲਾਂ ਗੁਆਂਢੀ ਮੁਖਤਿਆਰ ਸਿੰਘ ਭਾਵੁਕ ਹੁੰਦਿਆਂ ਕੁਝ ਇਸ ਤਰ੍ਹਾਂ ਸਿੱਧੂ ਨਾਲ ਬਿਤਾਏ ਪਲਾਂ ਨੂੰ ਯਾਦ ਕਰਦੇ ਹਨ। ਮੁਖਤਿਆਰ ਸਿੰਘ ਜ਼ਿਲ੍ਹਾ ਮਾਨਸਾ ਵਿੱਚ ਪੈਂਦੇ ਪਿੰਡ ਮੂਸਾ ਦੇ ਵਸਨੀਕ ਹਨ ਅਤੇ ਸਿੱਧੂ ਮੂਸੇਵਾਲਾ ਦੇ ਪੁਰਾਣੇ ਘਰ ਦੇ ਕੋਲ ਰਹਿੰਦੇ ਹਨ। ਸਿੱਧੂ ਮੂਸੇਵਾਲਾ ਨੂੰ ਇਸੇ ਸਾਲ 29 ਮਈ ਨੂੰ ਪਿੰਡ ਜਵਾਹਰਕੇ ਨੇੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸਿੱਧੂ ਮੂਸੇਵਾਲਾ ਦੇ ਕਤਲ ਦੇ 6 ਮਹੀਨੇ ਪੂਰੇ ਹੋਣ ‘ਤੇ ਮੈਂ ਇਹ ਜਾਣਨ ਲਈ ਪਿੰਡ ਮੂਸਾ ਪਹੁੰਚਿਆ ਕਿ ਸਿੱਧੂ ਮੂਸੇਵਾਲਾ ਦੇ ਨਾਲ ਸਮਾਂ ਗੁਜਾਰਣ ਵਾਲੇ ਉਸ ਦੇ ਸੰਗੀ-ਸਾਥੀ ਉਸ ਦੀਆਂ ਯਾਦਾਂ ਨੂੰ ਕਿਵੇਂ ਆਪਣੇ ਦਿਲਾਂ ਵਿਚ ਸਮੋਈ ਬੈਠੇ ਹਨ।

**ਇਨਸਾਫ ਦੀ ਉਡੀਕ ’ਚ**


ਜਦੋਂ ਮੈਂ ਇਸ ਪਿੰਡ ਵਿੱਚ ਪਹੁੰਚਿਆ ਤਾਂ ਪਿੰਡ ਦੇ ਛੱਪੜ ਨੇੜੇ ਲੱਗੇ ਇੱਕ ਵੱਡੇ ਬੋਹੜ ਦੇ ਦਰੱਖਤ ਥੱਲੇ ਮੁਖਤਿਆਰ ਸਿੰਘ ਮੰਜੇ ਉੱਪਰ ਬੈਠੇ ਸਨ ਅਤੇ ਚਾਰ-ਪੰਜ ਨਿਆਣੇ ਬੈਠੇ ਸਿੱਧੂ ਮੂਸੇਵਾਲਾ ਦਾ ਇੱਕ ਗੀਤ ਗੁਣ-ਗੁਣਾ ਰਹੇ ਸਨ। ਜਦੋਂ ਇਸ ਬਜ਼ੁਰਗ ਨਾਲ ਸਿੱਧੂ ਮੂਸੇਵਾਲਾ ਦੀ ਕੋਈ ਪੁਰਾਣੀ ਯਾਦ ਸਾਂਝੀ ਕਰਨ ਬਾਰੇ ਗੱਲ ਕੀਤੀ ਤਾਂ ਉਹ ਭੁੱਬਾ ਮਾਰ ਕੇ ਰੋਣ ਲੱਗ ਪਏ। ਕਰੀਬ ਅੱਧੇ ਘੰਟੇ ਮਗਰੋਂ ਉਨ੍ਹਾਂ ਨੇ ਗੱਲ ਕਰਨੀ ਸ਼ੁਰੂ ਕੀਤੀ। ਉਹ ਵਾਰ-ਵਾਰ ਆਪਣੇ ਉਸੇ ਮੰਜੇ ਦਾ ਜਿ਼ਕਰ ਕਰਦੇ ਰਹੇ, ਜਿਸ ਉੱਪਰ ਸਿੱਧੂ ਮੂਸੇਵਾਲਾ ਬਚਪਨ ਵਿੱਚ ਖੇਡਿਆ ਕਰਦੇ ਸਨ। ਮੁਖਤਿਆਰ ਸਿੰਘ ਕਹਿੰਦੇ ਹਨ, “ਮੇਰੇ ਘਰ ਦੇ ਸਾਹਮਣੇ ਸਿੱਧੂ ਮੂਸੇਵਾਲਾ ਦੇ ਘਰ ਦਾ ਦਰਵਾਜਾ ਹੈ। ਉਸ ਦੀ ਮੌਤ ਤੋਂ ਬਾਅਦ ਇਸ ਪੁਰਾਣੇ ਘਰ ਦੇ ਬੰਦ ਦਰਵਾਜ਼ੇ ਨੂੰ ਦੇਖ ਕੇ ਮੈਂ ਹੌਂਕੇ ਭਰਦਾ ਰਹਿੰਦਾ ਹਾਂ। ਦੁਸ਼ਮਣ ਨੇ ਸਾਡਾ ਮੁੰਡਾ ਖੋਹ ਲਿਆ ਹੈ।“ ਇਹ ਕਹਿ ਕੇ ਮੁਖਤਿਆਰ ਸਿੰਘ ਦੀਆਂ ਅੱਖਾਂ ਮੁੜ ਭਰ ਆਉਂਦੀਆਂ ਹਨ ਅਤੇ ਉਹ ਚੁੱਪ ਹੋ ਜਾਂਦੇ ਹਨ। ਇਸੇ ਦੌਰਾਨ ਪਿੰਡ ਦੇ ਕੁਝ ਹੋਰ ਬੰਦੇ ਬੋਹੜ ਦੇ ਦਰੱਖਤ ਥੱਲੇ ਆ ਜਾਂਦੇ ਹਨ।

ਪਰ ਉਹ ਸਿੱਧੂ ਮੂਸੇਵਾਲਾ ਦੇ ਸਬੰਧ ਵਿੱਚ ਕੋਈ ਗੱਲ ਕਰਨ ਤੋਂ ਇਹ ਕਹਿ ਕੇ ਕੋਰਾ ਜਵਾਬ ਦਿੰਦੇ ਹਨ ਕਿ, “ਰੱਬ ਨੂੰ ਹੀ ਪਤਾ ਹੈ ਕਿ ਸਾਡਾ ਮੁੰਡਾ ਕਿਹੋ ਜਿਹਾ ਸੀ। ਅਸੀਂ ਤਾਂ ਨਿਆਂ ਦੀ ਉਡੀਕ ਕਰ ਰਹੇ ਹਾਂ।“

**ਜੱਦੀ ਘਰ ਨੂੰ ਜਿੰਦਰਾ**

ਮੈਂ ਪਿੰਡ ਦੀਆਂ ਗਲੀਆਂ ਵਿੱਚ ਘੁੰਮਦਾ ਰਿਹਾ ਅਤੇ ਜਿਹੜਾ ਵੀ ਵਿਅਕਤੀ ਮੈਨੂੰ ਮਿਲਿਆ, ਉਸ ਨੇ ਇਹੀ ਕਿਹਾ ਕੇ ਉਹ ਸਿੱਧੂ ਮੂਸੇਵਾਲਾ ਬਾਰੇ ਕੋਈ ਗੱਲ ਨਹੀਂ ਕਰੇਗਾ। ਸਿੱਧੂ ਮੂਸੇਵਾਲਾ ਦਾ ਜੱਦੀ ਘਰ ਪਿੰਡ ਮੂਸਾ ਵਿੱਚ ਬਣੇ ਵੱਡੇ ਛੱਪੜ ਦੇ ਐਨ ਨਜ਼ਦੀਕ ਹੈ। ਉਨ੍ਹਾਂ ਦੇ ਮਾਤਾ ਚਰਨ ਕੌਰ ਪਿੰਡ ਦੇ ਸਰਪੰਚ ਹਨ ਅਤੇ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਪਿੰਡ ਦੇ ਬਾਹਰਵਾਰ ਸਿੱਧੂ ਮੂਸੇਵਾਲਾ ਵੱਲੋਂ ਤਿਆਰ ਕਰਵਾਈ ਗਈ ਨਵੀਂ ਹਵੇਲੀ ਵਿੱਚ ਵਸੋਂ ਕਰ ਚੁੱਕਾ ਹੈ। ਆਖਰਕਾਰ ਮੇਰਾ ਮੇਲ ਪਿੰਡ ਦੀ ਇੱਕ ਬਿਰਧ ਔਰਤ ਨਾਲ ਹੋਇਆ, ਜੋ ਗੱਲ ਕਰਨ ਲਈ ਰਾਜ਼ੀ ਹੋ ਗਈ।

(ਬਾਕੀ ਸਫਾ 9 ’ਤੇ)






# ਸਿੱਧੂ ਮੂਸੇਵਾਲਾ ਕਤਲ ਦੇ 6 ਮਹੀਨੇ ਜਦੋਂ ਸਿੱਧੂ ਯੂਕੇ ਤੋਂ ਸਿਰਫ ਜੀਰੀ ਵੱਢਣ ਲਈ ਪਿੰਡ ਪਹੁੰਚੇ ਸੀ



ਆਪਣੇ ਘਰ ਦੇ ਬਾਹਰ ਪਾਥੀਆਂ ਪੱਥਦੀ ਇਸ ਔਰਤ ਨੇ ਮੈਨੂੰ ਇੱਕ ਉਸ ਨੌਜਵਾਨ ਬਾਰੇ ਦੱਸਿਆ, ਜੋ ਬਚਪਨ ਤੋਂ ਲੈ ਕੇ ਆਖਰੀ ਦਿਨਾਂ ਤੱਕ ਸਿੱਧੂ ਮੂਸੇਵਾਲਾ ਦੇ ਨਾਲ ਭਰਾਵਾਂ ਵਾਂਗ ਰਿਹਾ ਸੀ। ਇਸ ਨੌਜਵਾਨ ਦਾ ਨਾਮ ਹੈ ਬਲਜਿੰਦਰ ਸਿੰਘ ਗੋਲਡੀ। ਗੋਲਡੀ ਨੇ ਸੰਪਰਕ ਕਰਨ 'ਤੇ ਦੱਸਿਆ ਕੇ ਉਹ ਪਿੰਡ ਬੁਰਜ਼ ਹਰੀ ਸਿੰਘ ਵਿਖੇ ਆਪਣੇ ਖੇਤ ਵਿੱਚ ਕੰਮ ਕਰ ਰਿਹਾ ਹੈ। ਬਲਜਿੰਦਰ ਸਿੰਘ ਨੇ ਸਿੱਧੂ ਮੂਸੇਵਾਲਾ ਦੇ ਨਾਲ ਬਿਤਾਏ ਪਲਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ।

**ਟਿੱਬਿਆਂ ਦਾ ਪੁੱਤ**

ਬਲਜਿੰਦਰ ਸਿੰਘ ਕਹਿੰਦੇ ਹਨ ਕੇ ਸਿੱਧੂ ਮੂਸੇਵਾਲਾ ਵਾਲਾ ਗ਼ਾਇਕ ਹੋਣ ਦੇ ਨਾਲ-ਨਾਲ ਪਿੰਡ ਦੇ ਟਿੱਬਿਆਂ ਦੀ ਮਿੱਟੀ ਵਿੱਚ ਖੇਤੀ ਕਰਨ ਵਾਲਾ ਮਿਹਨਤੀ ਕਿਸਾਨ ਵੀ ਸੀ। ਉਸ ਨੇ ਗਇਕੀ ਦੇ ਖੇਤਰ ਵਿੱਚ ਇੱਕ ਮਿਸਾਲੀ ਵਿਸ਼ਵ ਪੱਧਰੀ ਉਡਾਰੀ ਭਰੀ ਪਰ ਉਹ ਆਪਣੇ ਪਿੰਡ ਨੂੰ ਨਹੀਂ ਭੁੱਲਿਆ। ਆਪਣੀ ਗੱਲ ਜਾਰੀ ਰੱਖਦੇ ਹੋਏ ਉਹ ਕਹਿੰਦੇ ਹਨ, "ਮੈਂ ਉਸ ਤੋਂ ਦੋ ਸਾਲ ਛੋਟਾ ਹਾਂ। ਅਸੀਂ ਸੁਰਤ ਸੰਭਾਲਣ ਤੋਂ ਬਾਅਦ ਪੱਕੇ ਆੜੀ ਬਣ ਗਏ ਸੀ। ਉਹੋ ਹਰ ਸਮੇਂ ਆਪਣੇ ਲਿਖੇ ਗਾਣੇ ਗੁਣ ਗੁਣਾਉਦਾ ਰਹਿੰਦਾ ਸੀ।" ਜਦੋਂ ਕਦੇ ਮੈਂ ਉਸ ਦੇ ਗਾਣਿਆਂ ਵਿੱਚ ਨੁਕਸ ਕੱਢਦਾ ਸੀ ਤਾਂ ਮੇਰੇ ਹੁੱਝ ਮਾਰ ਕੇ ਕਹਿੰਦਾ ਕਿ ਤੂੰ ਆਪਣਾ ਕੰਮ ਕਰਿਆ ਕਰ, ਤੈਨੂੰ ਗਾਣਿਆਂ ਬਾਰੇ ਕੀ ਪਤਾ। ਇਹ ਸੁਣ ਕੇ ਮੈਂ ਹੱਸ ਪੈਂਦਾ ਤੇ ਚੁੱਪ ਕਰ ਜਾਂਦਾ।

**ਸਿੱਧੂ ਮੂਸੇਵਾਲਾ ਦੀ ਜਿ਼ੰਦਗੀ ਦਾ ਵਿਲੱਖਣ ਸਫ਼ਰ**

ਇਸ ਨੌਜਵਾਨ ਨਾਲ ਗੱਲਬਾਤ ਤੋਂ ਬਾਅਦ ਜਦੋਂ ਮੈਂ ਸਿੱਧੂ ਮੂਸੇਵਾਲਾ ਦੀ ਨਵੀਂ ਹਵੇਲੀ ਵਿੱਚ ਪਹੁੰਚਿਆ ਤਾਂ ਉੱਥੇ ਵੱਡੀ ਗਿਣਤੀ ਵਿੱਚ ਲੋਕ ਸਿੱਧੂ ਮੂਸੇਵਾਲਾ ਦੇ 5911 ਟਰੈਕਟਰਾਂ ਅਤੇ ਉਨ੍ਹਾਂ ਵੱਲੋਂ ਸ਼ਾਨਦਾਰ ਢੰਗ ਨਾਲ ਤਿਆਰ ਕਰਾਈਆਂ ਜੀਪਾਂ ਨੂੰ ਦੇਖ ਰਹੇ ਸਨ। ਇੱਥੇ ਹੀ ਮੇਰੀ ਮੁਲਾਕਾਤ ਸੁਖਪਾਲ ਸਿੰਘ ਨਾਂਅ ਦੇ ਵਿਅਕਤੀ ਨਾਲ ਹੋਈ। ਉਹ ਪਿੰਡ ਮੂਸਾ ਦੇ ਨੰਬਰਦਾਰ ਹਨ ਅਤੇ ਸਿੱਧੂ ਮੂਸੇਵਾਲਾ ਦੇ ਨਾਲ ਉਨ੍ਹਾਂ ਨੇ ਖੇਤਾਂ ਵਿੱਚ ਕਈ ਸਾਲ ਤੱਕ ਕੰਮ ਕੀਤਾ ਸੀ। ਸੁਖਪਾਲ ਸਿੰਘ ਨੇ ਦ£ਸਿਆ ਕਿ ਸਿੱਧੂ ਮੂਸੇਵਾਲਾ ਦੀ ਜਿ਼ੰਦਗੀ ਇੱਕ ਵਿਲੱਖਣ ਹੀ ਸਫ਼ਰ ਸੀ। ਪੜਾਈ ਦੇ ਦਿਨਾਂ ਦੌਰਾਨ ਜਦੋਂ ਉਹੋ ਕੋਈ ਗੀਤ ਜਾਂ ਵਾਰ ਸਕੂਲ ਦੀ ਸਟੇਜ ਤੋਂ ਗਾਉਣ ਲਈ ਕਹਿੰਦਾ ਤਾਂ ਬਾਪੂ ਬਲਕੌਰ ਸਿੰਘ ਉਸ ਨੂੰ ਰੋਕ ਦਿੰਦੇ। ਫਿਰ ਉਹ ਮੈਨੂੰ ਕਹਿੰਦਾ ਕਿ ਯਾਰ ਬਾਪੂ ਕੋਲ ਮੇਰੀ ਸਿਫਾਰਸ਼ ਕਰੋ ਕੇ ਮੈਂ ਤਾਂ ਗਾਉਣਾ ਹੀ ਗਾਉਣਾ ਹੈ। ਇਸ ਲਗਨ ਨੇ ਹੀ ਉਸ ਦਾ ਨਾਂਅ ਵਿਸ਼ਵ ਪੱਧਰ 'ਤੇ ਰੋਸ਼ਨ ਕਰ ਦਿੱਤਾ ਹੈ। ਜਦੋਂ ਅਸੀਂ ਖੇਤਾਂ ਵਿੱਚ ਕੰਮ ਕਰਦੇ ਸੀ ਤਾਂ ਉਹ 5911 ਟਰੈਕਟਰ ਖ਼ੁਦ ਚਲਾਉਣ ਲੱਗਦਾ। ਮੇਰੇ ਸਾਹਮਣੇ ਉਸ ਨੇ ਟਿੱਬਿਆਂ ਨੂੰ ਕਰਾਹ ਲਾ ਕੇ ਜਮੀਨ ਨੂੰ ਵਾਹੀ ਯੋਗ ਬਣਾਇਆ। ਮੈਨੂੰ ਦੁੱਖ ਹੈ ਕਿ ਜਿਹੜੇ ਖੇਤ ਨੂੰ ਟਿੱਬਿਆਂ ਤੋਂ ਬਦਲ ਕੇ ਹਾਰਿਆਵਲ ਵਿੱਚ ਤਬਦੀਲ ਕੀਤਾ, ਅੱਜ ਉਸ ਹੀ ਖੇਤ ਵਿੱਚ ਸਿੱਧੂ ਮੂਸੇਵਾਲਾ ਦਾ ਬੁੱਤ ਸਾਡੇ ਦਿਲਾਂ ਨੂੰ ਧੁਰ ਅੰਦਰ ਤੱਕ ਧੂ ਪਾਉਂਦਾ ਰਹਿੰਦਾ ਹੈ।"

**ਖੇਤੀ ਦਾ ਸ਼ੌਕ**

ਸੁਖਪਾਲ ਸਿੰਘ ਨੇ ਸਿੱਧੂ ਮੂਸੇਵਾਲਾ ਦੇ ਖੇਤੀ ਨਾਲ ਜੁੜੇ ਇੱਕ ਕਿੱਸੇ ਦਾ ਵੀ ਜ਼ਿਕਰ ਕੀਤਾ। ਸੁਖਪਾਲ ਸਿੰਘ ਨੇ ਦੱਸਿਆ, "ਪਿਛਲੇ ਸਾਲ ਸਿੱਧੂ ਮੂਸੇਵਾਲਾ ਵਿਦੇਸ਼ ਗਏ ਹੋਏ ਸਨ। ਏਧਰ ਝੋਨੇ ਦੀ ਫ਼ਸਲ ਵੱਢਣ ਲਈ ਤਿਆਰ ਸੀ। ਕਟਾਈ ਲੇਟ ਹੋ ਰਹੀ ਸੀ ਪਰ ਬਾਈ ਨੇ ਸਾਨੂੰ ਵਿਦੇਸ਼ ਤੋਂ ਫੋਨ ਕਰਕੇ ਕਿਹਾ ਕੇ ਝੋਨਾ ਉਹ ਖ਼ੁਦ ਆ ਕੇ ਵੱਢੇਗਾ। ਹਾਲਾਂਕਿ ਕਟਾਈ ਲੇਟ ਹੋਣ ਕਾਰਨ ਪੱਕਿਆ ਝੋਨਾ ਖੇਤਾਂ ਵਿੱਚ ਝੜ ਰਿਹਾ ਸੀ ਪਰ ਬਾਈ ਨੇ ਖ਼ੁਦ ਆ ਕੇ ਝੋਨਾ ਵੱਢਿਆ ਤੇ ਮੰਡੀ ਵਿੱਚ ਵੇਚਿਆ।"

**ਚਾਹੁਣ ਵਾਲਿਆਂ ਦੀ ਲੰਮੀ ਸੂਚੀ**

ਹੁਣ ਬਾਅਦ ਦੁਪਹਿਰ ਦੇ 3 ਵੱਜ ਚੁੱਕੇ ਸਨ। ਸਿੱਧੂ ਮੂਸੇਵਾਲਾ ਵਾਲਾ ਦੇ ਪਿਤਾ ਬਲਕੌਰ ਸਿੰਘ ਅਤੇ ਤਾਇਆ ਚਮਕੌਰ ਸਿੰਘ ਇਕੱਠੇ ਹੋਏ ਲੋਕਾਂ ਸਾਮਹਣੇ ਆਉਂਦੇ ਹਨ। ਕੁਝ ਲੋਕ ਉਨ੍ਹਾਂ ਦੀ ਹਾਜ਼ਰੀ ਵਿੱਚ ਸਿੱਧੂ ਮੂਸੇਵਾਲਾ ਨੂੰ ਸਮਰਪਿਤ ਗੀਤ ਅਤੇ ਕਵੀਸ਼ਰੀ ਵਾਰਾਂ ਗਾਉਂਦੇ ਹਨ। ਇਸ ਮਗਰੋਂ ਸ਼ੁਰੂ ਹੁੰਦਾ ਹੈ ਲੋਕਾਂ ਦੀ ਭੀੜ ਨੂੰ ਸੰਬੋਧਨ ਕਰਨ ਦਾ ਸਿਲਸਿਲਾ। ਆਪਣੀ ਭਾਵੁਕ ਤਕਰੀਰ ਵਿੱਚ ਬਲਕੌਰ ਸਿੰਘ, ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀਆਂ ਸਰਕਾਰੀ ਏਜੰਸੀਆਂ ਬਾਰੇ ਗੱਲ ਕਰਦੇ ਹਨ।ਇਸ ਤੋਂ ਇਲਾਵਾ ਗੈਂਗਸਟਰਾਂ ਪ੍ਰਤੀ ਪੁਲਿਸ ਦੇ ਵਿਹਾਰ ਬਾਰੇ ਵੀ ਕਈ ਤਰ੍ਹਾਂ ਦੇ ਸਵਾਲ ਚੁੱਕਦੇ ਹਨ। ਉਨ੍ਹਾਂ ਦੀਆਂ ਭਾਵੁਕ ਗੱਲਾਂ ਸੁਣਕੇ ਭੀੜ ਵਿੱਚ ਜੁੜੀਆਂ ਕੁੱਝ ਔਰਤਾਂ ਅਤੇ ਨੌਜਵਾਨਾਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਮਾਹੌਲ ਗਮਗੀਨ ਹੈ, ਹਰ ਪਾਸੇ ਚੁੱਪ ਹੈ ਅਤੇ ਸਿਰਫ਼ ਬਲਕੌਰ ਸਿੰਘ ਆਪਣੇ ਪੁੱਤਰ ਦੇ ਵਿਛੋੜੇ ਦੀ ਯਾਦ ਵਿੱਚ ਭਰੇ ਮਨ ਨਾਲ ਸ਼ਬਦ ਕਹਿ ਰਹੇ ਹਨ। ਇਨਾਂ ਹੀ ਨਹੀਂ ਹੈ ਕਿ ਸਿੱਧੂ ਮੂਸੇਵਾਲਾ ਦੇ ਨਾਲ ਖੇਤੀ ਵਿੱਚ ਸਮਾਂ ਬਤਾਉਣ ਵਾਲੇ ਲੋਕ ਹੀ ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਯਾਦਾਂ ਦਾ ਜ਼ਿਕਰ ਕਰਦੇ ਹਨ।

ਸਗੋਂ ਸਿੱਧੂ ਮੂਸੇਵਾਲਾ ਨਾਲ ਵਾਹ ਰੱਖਣ ਵਾਲਾ ਵਪਾਰੀ ਵਰਗ ਵੀ ਉਨ੍ਹਾਂ ਦੀ ਸਾਦਾ ਜੀਵਨ ਸੈਲੀ ਤੋਂ ਪ੍ਰਭਾਵਤ ਦਿਖਾਈ ਦਿੰਦਾ ਹੈ।ਰਾਧੇ ਸ਼ਾਮ ਹੈਪੀ ਮਾਨਸਾ ਦੀ ਪੁਰਾਣੀ ਅਨਾਜ ਮੰਡੀ ਵਿੱਚ ਕਮਿਸ਼ਨ ਏਜੰਟ ਹਨ।

ਇਹ ਉਹੀ ਕਮਿਸ਼ਨ ਏਜੰਟ ਹਨ, ਜਿਨਾਂ ਦੀ ਦੁਕਾਨ 'ਤੇ ਸਿੱਧੂ ਮੂਸੇਵਾਲਾ ਆਪਣੀ ਫ਼ਸਲ ਵੇਚਦੇ ਸਨ।

ਮੈਂ ਰਾਧੇ ਸ਼ਾਮ ਹੈਪੀ ਨੂੰ ਮਿਲਣ ਦਾ ਫੈਸਲਾ ਕੀਤਾ। ਰਾਧੇ ਸ਼ਾਮ ਦੱਸਦੇ ਹਨ ਕਿ ਸਿੱਧੂ ਮੂਸੇਵਾਲਾ ਫ਼ਸਲ ਦੀ ਕਟਾਈ ਕਰਨ ਤੋਂ ਬਾਅਦ ਖ਼ੁਦ ਟਰੈਕਰ ਚਲਾ ਕੇ ਆਪਣੀ ਫ਼ਸਲ ਉਹਨਾਂ ਦੀ ਆੜ੍ਹਤ 'ਤੇ ਵੇਚਣ ਲਈ ਆਉਂਦੇ ਸਨ।

ਜਦੋਂ ਸਿੱਧੂ ਮੂਸੇਵਾਲਾ ਸਾਡੀ ਦੁਕਾਨ 'ਤੇ ਖ਼ੁਦ ਟਰੈਕਟਰ ਚਲਾ ਕੇ ਫ਼ਸਲਾਂ ਲੈ ਕੇ ਆਉਂਦਾ ਤਾਂ ਸਾਨੂੰ ਮੰਡੀ ਵਾਲਿਆਂ ਨੂੰ ਹੈਰਾਨੀ ਹੁੰਦੀ ਕਿ ਦੁਨੀਆਂ ਭਰ 'ਚ ਇਕ ਮਸ਼ਹੂਰ ਸਿੰਗਰ ਕਿੰਨੀ ਸਾਦਗੀ ਨਾਲ ਆਪਣੇ ਹੱਥੀਂ ਆਪਣੀ ਖੇਤੀਬਾੜੀ ਸੰਭਾਲਦਾ ਹੈ।"

ਉਹ ਹਸਮੁਖ ਇਨਸਾਨ ਸੀ। ਸਾਨੂੰ ਦੁੱਖ ਹੈ ਕਿ ਐਡੀ ਵੱਡੀ ਸਖ਼ਸੀਅਤ ਦੇ ਕਤਲ ਦੇ ਇਨਸਾਫ ਲਈ ਉਸ ਦਾ ਪਿਤਾ ਬਲਕੌਰ ਸਿੰਘ ਦੁਹਾਈਆਂ ਪਾਉਣ ਲਈ ਮਜਬੂਰ ਹੈ। ਸਾਡੀ ਸਰਕਾਰ ਤੋਂ ਮੰਗ ਹੈ ਕਿ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ।"ਮੈਂ ਇਸ ਰਿਪੋਰਟ ਨੂੰ ਤਿਆਰ ਕਰਨ ਲਈ ਜਿਸ ਕੋਲ ਵੀ ਗਿਆ, ਹਰ ਕਿਸੇ ਦੀ ਜਬਾਨ 'ਤੇ ਇਹੀ ਸ਼ਬਦ ਸਨ ਕਿ, "ਮੂਸੇਵਾਲਾ ਦੇ ਪਰਿਵਾਰ ਨੂੰ ਕਤਲ ਦੇ 6 ਮਹੀਨੇ ਬਾਅਦ ਵੀ ਨਿਆਂ ਨਹੀਂ ਮਿਲਿਆ ਹੈ।"

ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਉਨਾਂ ਦੇ ਹੀ ਖੇਤ ਵਿੱਚ ਲਾਏ ਗਏ ਆਦਮ ਕੱਦ ਬੁੱਤ 'ਤੇ ਇਸ ਮਰਹੂਮ ਗਾਇਕ ਨੂੰ ਸ਼ਰਧਾਂਜਲੀਆਂ ਭੇਂਟ ਕਰਨ ਲਈ ਪੰਜਾਬ, ਹਰਿਆਣਾ ਅਤੇ ਰਾਜਸਥਾਨ ਤੋਂ ਵੱਢੀ ਗਿਣਤੀ 'ਚ ਲੋਕ ਪ੍ਰੁੱਜੇ ਹੋਏ ਸਨ।

**'ਮਿਲਦਾ ਤਾਂ ਲੱਗਦਾ ਸੀ ਕਿ ਸਾਡਾ ਆਪਣਾ ਪੁੱਤਰ ਹੈ'**

ਮੇਰੇ ਮਨ ਦੀ ਜਗਿਆਸਾ ਸੀ ਕਿ ਪਿੰਡ ਜਵਾਹਰਕੇ ਦੇ ਲੋਕਾਂ ਨਾਲ ਵੀ ਗੱਲ ਕਰਾਂ, ਜਿੱਥੇ ਸਿੱਧੂ ਮੂਸੇਵਾਲਾ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਇਸ ਪਿੰਡ ਵਿੱਚ ਮੇਰੀ ਮੁਲਾਕਾਤ ਪਿੰਡ ਦੇ ਸਾਬਕਾ ਸਰਪੰਚ ਹਰਜਿੰਦਰ ਸਿੰਘ ਨਾਲ ਹੋਈ। ਇਹ ਉਹੀ ਵਿਅਕਤੀ ਹਨ ਜਿਨਾਂ ਨੇ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਤੁਰੰਤ ਬਾਅਦ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਸੰਭਾਲਿਆ ਸੀ। ਇਸ ਪਿੰਡ ਦੇ ਲੋਕ ਵੀ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਪਿੰਡ ਵਿੱਚ ਉਸੇ ਜਗ੍ਹਾ 'ਤੇ ਜਲਦੀ ਹੀ ਉਨਾਂ ਦਾ ਆਦਮ ਕੱਦ ਬੁੱਤ ਸਥਾਪਤ ਕਰਨ ਜਾ ਰਹੇ ਹਨ। ਹਰਜਿੰਦਰ ਸਿੰਘ ਨੇ ਵੀ ਸਿੱਧੂ ਮੂਸੇਵਾਲਾ ਨਾਲ ਆਪਣੀਆਂ ਰਾਜਨੀਤਿਕ ਯਾਦਾਂ ਦਾ ਜ਼ਿਕਰ ਕੀਤਾ। ਉਹ ਕਹਿੰਦੇ ਹਨ, "ਮੈਂ ਵਿਧਾਨ ਸਭਾ ਦੀ ਚੋਣ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਟਿਕਟ 'ਤੇ ਲੜੀ ਸੀ, ਜਦੋਂ ਕਿ ਸਿੱਧੂ ਮੂਸੇਵਾਲਾ ਨੇ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ। ਸਿੱਧੂ ਮੂਸੇਵਾਲਾ ਜਦੋਂ ਸਾਨੂੰ ਮਿਲਦਾ ਤਾਂ ਇਸ ਤਰ੍ਹਾਂ ਲੱਗਦਾ ਕਿ ਸਾਡਾ ਆਪਣਾ ਹੀ ਪੁੱਤਰ ਹੋਵੇ।"



# ਸਵੈ-ਇੱਛਾ ਮੌਤ : ਕਿੰਨੀ ਕੁ ਸਹੀ ?



ਹਰਪ੍ਰੀਤ ਸਿੰਘ ਬਰਾੜ

ਜ਼ਿੰਦਗੀ ਜਿਊਣ ਦੀ ਇੱਛਾ ਲਈ ਹਰ ਇਨਸਾਨ ਪੈਦਾ ਹੁੰਦਾ ਹੈ। ਜੀਵਨ ਸਾਨੂੰ ਇਹੀ ਸਿਖਾਉਂਦਾ ਹੈ ਕਿ ਭਾਵੇਂ ਕਿੰਨਾ ਵੀ ਸੰਘਰਸ਼ ਆ ਜਾਵੇ ਸਾਨੂੰ ਹਾਰ ਨਹੀਂ ਮੰਨਣੀ ਚਾਹੀਦੀ। ਹੁਣੇ ਪਿਛਲੇ ਦਿਨੀਂ ਇੱਛਾ ਮੌਤ ਲਈ ਵਸੀਅਤ ਦਾ ਅਧਿਕਾਰ ਸੁਪਰੀਮ ਕੋਰਟ ਨੇ ਭਾਰਤ ਦੇ ਲੋਕਾਂ ਨੂੰ ਵੀ ਦੇ ਦਿੱਤਾ ਹੈ। ਇਸ ਫ਼ੈਸਲੇ ਨਾਲ ਮੈਡੀਕਲ ਸਾਇੰਸ ਦੇ ਖੇਤਰ ਵਿੱਚ ਇੱਕ ਅਹਿਮ ਬਦਲਾਅ ਆਵੇਗਾ। ਮਰੀਜ਼ਾਂ ਅਤੇ ਉਨ੍ਹਾਂ ਦੇ ਘਰ ਵਾਲਿਆਂ ਨੂੰ ਹਸਪਤਾਲਾਂ ਅਤੇ ਡਾਕਟਰਾਂ ਦੀ ਆਰਥਿਕ ਲੁੱਟ-ਖਸੁੱਟ ਤੋਂ ਮੁਕਤੀ ਮਿਲ ਜਾਵੇਗੀ, ਪਰ ਹਰ ਕਾਨੂੰਨ ਅਤੇ ਨਿਯਮ ਦੇ ਦੋ ਪਹਿਲੂ ਹੁੰਦੇ ਹਨ ਅਤੇ ਇਸੇ ਕੜੀ ਤਹਿਤ ਇਸ ਕਾਨੂੰਨ ਦੇ ਵੀ ਦੋ ਪਹਿਲੂ ਹਨ। ਇਨ੍ਹਾਂ ਦੋਹਾਂ ਪਹਿਲੂਆਂ ਵਿੱਚੋਂ ਇੱਕ ਪਹਿਲੂ ਮਰੀਜ਼, ਉਸਦੇ ਘਰ ਵਾਲੇ ਅਤੇ ਉਸਦੀ ਆਰਥਿਕ ਅਤੇ ਸਮਾਜਿਕ ਸਥਿਤੀ ਹੈ। ਦੂਜਾ ਪਹਿਲੂ ਹਸਪਤਾਲ, ਡਾਕਟਰ ਅਤੇ ਮੈਡੀਕਲ ਪ੍ਰਕਿਰਿਆਵਾਂ ਹਨ। ਹੁਣ ਦੇਖਣਾ ਇਹ ਹੈ ਕਿ ਇੱਛਾ ਮੌਤ ਦੇ ਇਸ ਕਾਨੂੰਨ ਦੀ ਵਰਤੋਂ ਖ਼ੁਦ ਮਨੁੱਖ ਹੀ ਕਰਦਾ ਹੈ ਜਾਂ ਉਸ ਦੇ ਘਰ ਵਾਲੇ ਦਬਾਅ ਪਾ ਕੇ ਕਰਾਉਂਦੇ ਹਨ। ਇਸੇ ਤਰ੍ਹਾਂ ਮੈਡੀਕਲ ਪ੍ਰੈਕਟੀਸ਼ਨਰ ਵੀ ਦਬਾਅ ਪਾ ਕੇ ਵਿਅਕਤੀ ਨੂੰ ਸਵੈ ਇੱਛਾ ਨਾਲ ਮੌਤ ਲਈ ਪ੍ਰੇਰਿਤ ਕਰ ਸਕਦੇ ਹਨ।

ਕੋਈ ਵਿਅਕਤੀ ਮਰਨਾ ਨਹੀਂ ਚਾਹੁੰਦਾ। ਗੰਭੀਰ ਤੋਂ ਗੰਭੀਰ ਬਿਮਾਰੀ ਨਾਲ ਪੀੜਤ ਵਿਅਕਤੀ ਜ਼ਿੰਦਗੀ ਜਿ?ੂਣ ਦੀ ਇੱਛਾ ਰੱਖਦਾ ਹੈ। ਕਿਰਿਆਸ਼ੀਲ ਅਤੇ ਨਿਸ਼ਕਿਰਿਆ ਰੂਪ ਨਾਲ ਇਸ ਸਵੈ ਇੱਛਾ ਮੌਤ ਲਈ ਵਿਅਕਤੀ ਜੇਕਰ ਚਾਹੁੰਦਾ ਹੈ ਤਾਂ ਸਰਕਾਰ ਭਲਾਂ ਹੀ ਇਹ ਆਜ਼ਾਦੀ ਦੇ ਦੇਵੇ, ਪਰ ਕੀ ਉਸ ਦੇ ਪਰਿਵਾਰ ਵਾਲੇ ਉਸ ਨੂੰ ਮਰਨ ਲਈ ਮਨਜ਼ੂਰੀ ਦੇਣਗੇ। ਇਸ ਤਰ੍ਹਾਂ ਦੀ ਇੱਛਾ ਮੌਤ ਵੀ ਜਾਂ ਤਾਂ ਇੰਜੈਕਸ਼ਨ ਦੀ ਮਦਦ ਨਾਲ ਸਰੀਰ ਨੂੰ ਨਿਢਾਲ ਕਰਕੇ ਸਿਫਰ ਕਰਨ ਜਾਂ ਮੈਡੀਕਲ ਵੈਂਟੀਲੇਟਰ ਆਦਿ ਨੂੰ ਹੌਲੀ ਹੌਲੀ ਘੱਟ ਕਰਕੇ ਜਿਸ ਨਾਲ ਵਿਅਕਤੀ ਆਪ ਹੀ ਸਰੀਰ ਤਿਆਗ ਦੇਵੇ ਅਤੇ ਮੌਤ ਨੂੰ ਪ੍ਰਾਪਤ ਹੋ ਜਾਵੇ। ਇਹ ਨਿਯਮ ਪਰਿਵਾਰਕ ਮੈਂਬਰਾਂ ਅਤੇ ਹੋਰ ਮੈਡੀਕਲ ਕਿੱਤੇ ਨਾਲ ਜੁੜੇ ਲੋਕਾਂ ਲਈ ਸੁਰੱਖਿਆ ਕਵਚ ਵਾਂਗ ਸਾਬਤ ਹੋਵੇਗਾ। ਇਸ ਨਾਲ ਵਿਅਕਤੀ ਮਨ ਤੋਂ ਨਾ ਚਾਹੁੰਦੇ ਹੋਏ ਵੀ, ਪਰ ਆਰਥਿਕ ਹਾਲਾਤ ਨੂੰ ਦੇਖਦੇ ਹੋਏ ਪਰਿਵਾਰ ਦੇ ਭਵਿੱਖ ਲਈ ਸਵੀਕਾਰ ਕਰ ਲਵੇਗਾ। ਕੀ ਜਿ?ੂੰਦੇ ਇਨਸਾਨ ਨੂੰ ਹਾਲਾਤ ਪੱਖੋਂ ਜਨਮੀ ਮੌਤ ਲਈ ਉਕਸਾਉਣਾ ਤੇ ਸਮਝਾਉਣਾ ਸਹੀ ਹੋਵੇਗਾ ? ਅਸੀਂ ਜਿ?ੂੰਦੇ ਰਹਿਣ ਲਈ ਭੀਖ ਮੰਗਦੇ ਹਾਂ, ਡਾਕਟਰ ਨੂੰ ਸਮਾਜ ਦਾ ਰੱਬ ਕਿਹਾ ਜਾਂਦਾ ਹੈ।

ਹੁਣ ਇਹ ਹੋਵੇਗਾ ਕਿ ਹਰ ਲਾਇਲਾਜ ਬਿਮਾਰੀ ਜੋ ਗੰਭੀਰ ਸਟੇਜ ਵਿੱਚ ਪਹੁੰਚ ਚੁੱਕੀ ਹੈ, ਜੇਕਰ ਕਿਸੇ ਨੂੰ ਹੋ ਜਾਂਦੀ ਹੈ ਤਾਂ ਕੀ ਉਸ ਨੂੰ ਮੌਤ ਨੂੰ ਗਲੇ ਲਗਾ ਲੈਣਾ ਚਾਹੀਦਾ ਹੈ। ਅਸਲ ਵਿੱਚ ਇਹ ਹੋਣਾ ਚਾਹੀਦਾ ਹੈ ਕਿ ਉਸ ਨੂੰ ਮਰਨ ਲਈ ਪ੍ਰੇਰਿਤ ਕਰਨ ਦੀ ਬਜਾਏ ਮਨੋਵਿਗਿਆਨਕ ਰੂਪ ਨਾਲ ਐਨੀ ਹਿੰਮਤ ਦੇਣੀ ਚਾਹੀਦੀ ਹੈ ਕਿ ਉਹ ਜਿ?ੂੰਦਾ ਰਹਿਣ ਲਈ ਕੋਸ਼ਿਸ਼ ਕਰੇ। ਡਾਕਟਰਾਂ, ਕਾ?ੂੰਸਲਰਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਇਸ ਬਾਰੇ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਰਿਆਂ ਵੱਲੋਂ ਸਾਕਾਰਾਤਮਕ ਜੀਵਨ ਜਿ?ੂਣ ਲਈ ਪ੍ਰੇਰਿਤ ਕਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਅਜੇ ਸਵੈ ਇੱਛਾ ਮੌਤ ਲਈ ਕਾਨੂੰਨ ਬਣਾ ਕੇ ਮਾਨਤਾ ਦਿੱਤੀ ਗਈ ਹੈ, ਪਰ ਉਸ ਲਈ ਅਜੇ ਸਹੀ ਤਰੀਕੇ ਨਾਲ ਬਿਨੈਕਾਰ ਲਈ ਜਾਣਕਾਰੀ ਦਾ ਖੁਲਾਸਾ ਨਹੀਂ ਕੀਤਾ ਗਿਆ। ਅਜੇ ਤਕ ਜਿਸ ਸਵੈ ਇੱਛਾ ਮੌਤ ਨੂੰ ਹੱਤਿਆ ਮੰਨਿਆ ਜਾਂਦਾ ਰਿਹਾ ਹੈ, ਉਸ ਨੂੰ ਕਿਵੇਂ ਇੱਕ ਕਾਨੂੰਨ ਤਹਿਤ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਇਸ ਲਈ ਮਰੀਜ਼ ਦੀ ਉਮਰ ਕਿੰਨੀ ਹੋਵੇਗੀ, ਉਸ ਦੇ ਪਰਿਵਾਰ ਵਿੱਚੋਂ ਕਿਨ੍ਹਾਂ ਦੀ ਸਹਿਮਤੀ ਲਾਜ਼ਮੀ ਹੈ ? ਕੀ ਇਸ ਅਰਜ਼ੀ ਲਈ ਸਬੰਧਿਤ ਵਿਭਾਗ, ਮੰਤਰਾਲੇ ਜਾਂ ਰਾਸ਼ਟਰਪਤੀ ਇਜਾਜ਼ਤ ਦੇਣਗੇ ਜਾਂ ਕੋਈ ਕਮੇਟੀ ਬਿਠਾ ਕੇ ਇਨ੍ਹਾਂ ਜਾਣਕਾਰੀਆਂ ਦੇ ਤਸਦੀਕ ਹੋਣ ਤੋਂ ਬਾਅਦ ਹੀ ਇਜਾਜ਼ਤ ਦਿੱਤੀ ਜਾਵੇਗੀ। ਇਹ ਜਾਣਕਾਰੀਆਂ ਕਿਨ੍ਹਾਂ ਲੋਕਾਂ ਦੇ ਬਿਆਨਾਂ ਨੂੰ ਮੱਦੇਨਜ਼ਰ ਰੱਖ ਕੇ ਤਸਦੀਕ ਕੀਤੀਆਂ ਜਾਣਗੀਆਂ ? ਇਹ ਸਾਰੇ ਤੱਥ ਅਜੇ ਤਕ ਅਦਾਲਤ ਨੇ ਲਿਖਤੀ ਰੂਪ ਵਿੱਚ ਨਹੀਂ ਦਿੱਤੇ ਹਨ। ਵਿਸ਼ਵ ਦੇ 70 ਫ਼ੀਸਦੀ ਦੇਸ਼ਾਂ ਨੇ ਸਵੈ-ਇੱਛਾ ਮੌਤ ਨੂੰ ਸਵੀਕਾਰ ਕਰ ਲਿਆ ਹੈ। ਕਈ ਦੇਸ਼ਾਂ ਨੇ ਇਸ ਨੂੰ ਹੱਤਿਆ ਕਰਾਰ ਦਿੱਤਾ ਹੈ। ਕਈ ਦੇਸ਼ਾਂ ਵਿੱਚ ਕਾਨੂੰਨ ਨਾ ਹੋਣ ਦੇ ਬਾਵਜੂਦ ਮਰੀਜ਼ ਇੱਛਾ ਮੌਤ ਨੂੰ ਸਵੀਕਾਰ ਕਰਕੇ ਆਪਣੇ ਪਰਿਵਾਰ ਵਾਲਿਆਂ ਨੂੰ ਆਪਣੇ ਆਪ ਤੋਂ ਮੁਕਤੀ ਦੇ ਦਿੰਦੇ ਹਨ। ਮਨੁੱਖੀ ਅਧਿਕਾਰ ਮੁਤਾਬਿਕ ਇੱਛਾ ਮੌਤ ਨਾਲ ਇਨਸਾਨ ਦੀਆਂ ਇੱਛਾਵਾਂ ਦੀ ਮੌਤ ਹੁੰਦੀ ਹੈ। ਜੀਵਨ ਦੇ ਕੁਦਰਤੀ ਅਨਮੋਲ ਤੋਹਫ਼ੇ ਨੂੰ ਮੌਤ ਦੇ ਸਰਾਪ ਵਿੱਚ ਤਬਦੀਲ ਕਰਨ ਦੀ ਨਾਜਾਇਜ਼ ਕੋਸ਼ਿਸ਼ ਹੈ। ਹਰ ਇਨਸਾਨ ਨੂੰ ਆਪਣੀ ਬਿਮਾਰੀ ਨਾਲ ਉਦੋਂ ਤਕ ਲੜਨਾ ਚਾਹੀਦਾ ਹੈ ਜਦੋਂ ਤਕ ਉਸਦਾ ਆਖਰੀ ਸਾਹ ਚੱਲਦਾ ਹੈ। ਹਰ ਸਾਹ ਨੂੰ ਆਖਰੀ ਸਾਹ ਮੰਨ ਕੇ ਆਪਣੀ ਜ਼ਿੰਦਗੀ ਨੂੰ ਖ਼ਤਮ ਕਰ ਲੈਣਾ ਕਿਸੇ ਵੀ ਬਿਮਾਰੀ ਲਈ ਸਹੀ ਨਹੀਂ ਹੈ।



# ਚਿੱਕੜ ਦੇ ਕੰਵਲ

ਲਗਭਗ ਹਰ ਇਨਸਾਨ ਦੀ ਸੋਚ ਨੂੰ ਉਸਦਾ ਆਲਾ ਦੁਆਲਾ ਅਤੇ ਉਸਦਾ ਪਰਿਵਾਰ ਪ੍ਰਭਾਵਿਤ ਕਰਦਾ ਹੈ ।ਬਹੁਤ ਘੱਟ ਇਨਸਾਨ ਹੁੰਦੇ ਨੇ ਜੋ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਦੇ ਅਸਰ ਤੋਂ ਬਚਦੇ ਨੇ। ਇੱਕ ਸਧਾਰਨ ਮਨੁੱਖ ਆਪਣੇ ਆਪ ਨੂੰ ਜਿਆਦਾ ਨਹੀਂ ਬਦਲ ਸਕਦਾ ਉਹ ਜਿਸ ਸੋਚ ਵਿੱਚ ਜਨਮਦਾ ਹੈ ਓਸੇ ਸੋਚ ਵਿੱਚ ਹੀ ਮਰ ਜਾਂਦਾ ਹੈ ਉਸਦਾ ਸੁਭਾਅ ਉਸਦੀ ਸੋਚ ਜੋ ਜਨਮ ਤੋਂ ਬਣ ਗਈ ਉਹੀ ਅਖੀਰ ਦਮ ਤੱਕ ਰਹਿੰਦੀ ਹੈ।ਇਹਨਾਂ ਲੋਕਾਂ ਨੂੰ ਮਹੌਲ ਦੀਆਂ ਕੰਧਾਂ ਏਨਾ ਘੇਰ ਲੈਂਦੀਆਂ ਨੇ ਕਿ ਇਹ ਉਸਤੋਂ ਅੱਗੇ ਕੁਝ ਦੇਖ ਹੀ ਨਹੀਂ ਸਕਦੇ ਹੁੰਦੇ। ਬਹੁਤ ਲੋਕ ਇਸੇ ਮਹੌਲ ਦੇ ਵੇਗ ਵਿਚ ਵਹਿ ਜਾਂਦੇ ਨੇ ਉਹਨਾਂ ਦੀ ਆਪਣੀ ਕੋਈ ਦਿਸ਼ਾ ਨਹੀਂ ਰਹਿੰਦੀ ਬਸ ਇਹ ਮਹੌਲ ਦਾ ਵੇਗ ਉਹਨਾਂ ਨੂੰ ਜਿਧਰ ਨੂੰ ਤੋਰਦਾ ਹੈ ਉਹ ਤੁਰਨ ਲਗਦੇ ਨੇ।ਤੇ ਇਹੀ ਮਹੌਲ ਫਿਰ ਉਹਨਾਂ ਲੋਕਾਂ ਦਾ ਪਿਛੋਕੜ ਜਾਂ ਖਾਨਦਾਨ ਬਣ ਜਾਂਦਾ ਹੈ ।ਸਮਾਜ ਵਲੋਂ ਉਹਨਾਂ ਦੀਆਂ ਸਭ ਪੀੜੀਆਂ ਨੂੰ ਇੱਕੋ ਦਰਜਾ ਦਿੱਤਾ ਜਾਂਦਾ ਹੈ ਤੇ ਇਸ ਪਿਛੋਕੜ ਦੇ ਅਧਾਰ ਤੇ ਹੀ ਇੱਕ ਚੰਗਾ ਖਾਨਦਾਨ ਜਾਂ ਮਾੜਾ ਖਾਨਦਾਨ ਪਹਿਚਾਣ ਵਜੋਂ ਹੋਂਦ ਵਿੱਚ ਆਉਂਦਾ ਹੈ। ਪਰ ਕੁਝ ਇਨਸਾਨ ਕੁਝ ਖਾਸ ਕਿਸਮ ਦੇ ਹੁੰਦੇ ਨੇ ਜਿੰਨਾ ਦਾ ਸੁਭਾਅ ਸ਼ੌਂਕ ਆਦਤਾਂ ਆਮ ਲੋਕਾਂ ਨਾਲੋਂ ਵੱਖਰੀਆਂ ਹੁੰਦੀਆਂ ਨੇ। ਇਹਨਾਂ ਦਾ ਮਹੌਲ ਕਿੰਨਾ ਵੀ ਡੂੰਘੇ ਚਿੱਕੜ ਦਾ ਚੀਲਾ ਹੋਵੇ ਪਰ ਇਹ ਆਪਣੀ ਸ਼ਖਸ਼ੀਅਤ ਨੂੰ ਕੰਵਲ ਬਣਾ ਹੀ ਲੈਂਦੇ ਨੇ। ਪਰ ਇਸਦੇ ਲਈ ਲੋੜ ਹੁੰਦੀ ਹੈ ਇੱਕ ਦਿਸ਼ਾ ਨਿਰਦੇਸ਼ ਦੀ ਇੱਕ ਰਾਹ ਵਿਖਾਵੇ ਦੀ ਇਹ ਲੋਕ ਆਪਣੇ ਆਪ ਪ੍ਰਤੀ ਇਹਨੇ ਗੰਭੀਰ ਹੁੰਦੇ ਨੇ ਕਿ ਇਹ ਸਿਰਫ ਇੱਕ ਸਹਾਰਾ ਭਾਲਦੇ ਨੇ ਤੇ ਫਿਰ ਉਸੇ ਸਹਾਰੇ ਨੂੰ ਸੌ ਸਹਾਰੇ ਆਪ ਦਿੰਦੇ ਨੇ।ਇਹ ਲੋਕ ਅੱਕ ਦੇ ਬੂਟੇ ਨੂੰ ਤੂਤ ਦੀ ਪਿਉਂਦ ਲਾਉਣ ਬਾਰੇ ਸੋਚਦੇ ਨੇ। ਇਹ ਉਹ ਲੋਕ ਹੁੰਦੇ ਨਾ ਜੋ ਇੱਕ ਇੱਕ ਦੀਵੇਂ ਨੂੰ ਜਗਾ ਕੇ ਦਿਵਾਲੀ ਬਣਾਉਂਦੇ ਨੇ। ਇਹ ਲੋਕ ਮਨੁੱਖ ਵਿੱਚੋਂ ਮਨੁੱਖਤਾ ਲੱਭਣ ਲਈ ਸੋਚਦੇ ਨੇ ਤੇ ਹਰੇਕ ਇਨਸਾਨ ਨੂੰ ਇਹ ਅਹਿਸਾਸ ਕਰਾਉਂਦੇ ਨੇ ਮਨੁੱਖ ਅਸਲ ਵਿੱਚ ਹੈ ਕੀ ?ਇਹ ਲੋਕ ਦਸਦੇ ਨੇ ਸੱਚ ਵਿੱਚ ਇੱਜਤ ਨਾਲ ਤੇ ਸਾਧਾਰਨ ਜਿੰਦਗੀ ਜਿਉਣ ਦਾ ਸਵਾਦ ਹੀ ਜਿੰਦਗੀ ਹੈ। ਬੰਦਾ ਜਦੋਂ ਅੰਦਰੋ ਤੇ ਬਾਹਰੋ ਇੱਕੋ ਜਿਹਾ ਹੋਵੇ ਤਾਂ ਜੋ ਆਤਮ ਵਿਸ਼ਵਾਸ਼ ਦਾ ਹੁਲਾਰਾ ਬੰਦੇ ਨੂੰ ਮਿਲਦਾ ਹੈ ਉਸ ਨਾਲ ਬੰਦਾ ਧੁਰ ਅੰਦਰ ਤੱਕ ਸੁਗੰਧਿਤ ਹੋ ਜਾਂਦਾ।ਜਦ ਅਸੀਂ ਸੋਚ ਚੰਗੀ ਕਰ ਲੈਂਦੇ ਹਾਂ ਤਾ ਇਸ ਸੋਚ ਦੀ ਸੁੱਚੀ ਖੁਸ਼ਬੋ ਸਾਡੀ ਜਿੰਦਗੀ ਨੂੰ ਵੀ ਮਹਿਕਾਅ ਦਿੰਦੀ ਹੈ।। ਸੁੱਚਤਾ ਦੇ ਝਰਨੇ ਸਾਡੇ ਮਨ ਤਨ ਤੇ ਲੱਗੇ ਭੈੜੀ ਸੰਗਤ ਦੇ ਦਾਗ ਧੋ ਕੇ ਸਾਡੀ ਤਬੀਅਤ ਨੂੰ ਨਿਖਾਰ ਦਿੰਦੇ ਨੇ।ਸਾਡੀ ਸੋਚ ਤੇ ਜੰਮੀ ਗਰਦ ਜਦ ਕਦੇ ਲਹਿੰਦੀ ਹੈ ਤਾਂ ਅੰਦਰੋ ਨਿਕਲਿਆ ਬੰਦਾ ਵੇਖ ਕੇ ਹੀ ਪਤਾ ਲਗਦਾ ਹੈ ਕਿ ਬੰਦਾ ਸੱਚ ਵਿੱਚ ਹੀ ਕਿੰਨਾ ਮਹਾਨ ਹੈ।। ਰੋਜਮਰਾ ਦੀ ਜਿੰਦਗੀ ਵਿੱਚ ਕੀਤੇ ਮਾੜੇ ਕੰਮ, ਗਲਤ ਸੋਚ, ਈਰਖਾ,ਨਫਰਤ ,ਲਾਲਚ ਅਸਲ ਵਿੱਚ ਇਹ ਚੀਜਾਂ ਇਨਸਾਨ ਵਿੱਚੋ ਇਨਸਾਨ ਨੂੰ ਬਾਹਰ ਈ ਨਹੀ ਆਉਣ ਦਿੰਦੀਆਂ।।

**ਦੇਵ ਕੁਰਾਈਵਾਲਾ 9417343452**

# ਅਤਿਵਾਦ ਨਾਲੋਂ ਵੀ ਗੰਭੀਰ ਖ਼ਤਰਾ ਜਨਤਕ ਗੋਲੀਬਾਰੀ

ਇਹ ਤੱਥ ਹੈਰਾਨੀਜਨਕ ਹੈ ਕਿ ਅਮਰੀਕਾ ਵਿੱਚ 1968 ਤੋਂ ਲੈ ਕੇ 2011 ਤਕ ਹੀ 14 ਲੱਖ ਦੇ ਕਰੀਬ ਲੋਕ ਜਨਤਕ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਮਾਰੇ ਜਾ ਚੁੱਕੇ ਹਨ ਤੇ ਲੱਖਾਂ ਫੱਟੜ ਹੋ ਚੁੱਕੇ ਹਨ। ਇੰਨੇ ਸਮੇਂ ਦੌਰਾਨ ਹੀ ਅਮਰੀਕਾ ਨੇ ਜਿੰਨੇ ਵੀ ਯੁੱਧ ਬਾਹਰਲੇ ਮੁਲਕਾਂ ਨਾਲ ਲੜੇ ਹਨ, ਉਨ੍ਹਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 12 ਲੱਖ ਹੈ। ਇਸ ਗੋਲੀਬਾਰੀ ਕਾਰਨ ਹੀ ਲੋਕ ਦਹਿਸ਼ਤ ਵਰਗੇ ਮਾਹੌਲ ਵਿੱਚ ਰਹਿ ਰਹੇ ਹਨ। ਇਹ ਸਭ ਕੁਝ ਉਸ ਮੁਲਕ ਵਿੱਚ ਵਾਪਰ ਰਿਹਾ ਹੈ ਜਿਸ ਨੂੰ ਆਰਥਿਕ ਅਤੇ ਫ਼ੌਜੀ ਤੌਰ 'ਤੇ ਸਭ ਤੋਂ ਤਕੜਾ ਦੇਸ਼ ਮੰਨਿਆ ਜਾਂਦਾ ਹੈ। ਜਨਤਕ ਗੋਲੀਬਾਰੀ ਦੇ ਕੁਝ ਸਮੇਂ ਬਾਅਦ ਹੀ ਹਥਿਆਰ ਵੇਚਣ ਵਾਲੀਆਂ ਕੰਪਨੀਆਂ ਨੂੰ ਕਿਸੇ ਨਾ ਕਿਸੇ ਬਹਾਨੇ ਹੋਰ ਢਿੱਲ ਦੇ ਦਿੱਤੀ ਜਾਂਦੀ ਹੈ ਤਾਂ ਕਿ ਉਹ ਆਪਣਾ ਮੁਨਾਫ਼ਾ ਕਮਾ ਸਕਣ।

ਇਹ ਉਹ ਦੇਸ਼ ਹੈ ਜਿਹੜਾ ਕਦੇ ਜਮਹੂਰੀ ਹੱਕਾਂ ਦੇ ਨਾਂ ਤੇ ਕਦੇ ਮਾਰੂ ਹਥਿਆਰਾਂ ਦੇ ਨਾਂ ਹੇਠ ਹੋਰ ਮੁਲਕਾਂ ਵਿੱਚ ਰਾਜ ਪਲਟੇ ਕਰਾਉਣ ਜਾਂ ਸਿੱਧਾ ਹਮਲਾ ਕਰਕੇ ਉਸ ਨੂੰ ਬਰਬਾਦ ਕਰ ਦੇਣਾ ਆਪਣਾ ਜਮਹੂਰੀ ਹੱਕ ਸਮਝਦਾ ਹੈ। ਅੰਦਰੂਨੀ ਅਤਿਵਾਦ ਤੋਂ ਬਚਾ ਲਈ ਕਈ ਅਰਬ ਡਾਲਰਾਂ ਦਾ ਖਰਚਾ ਕੀਤਾ ਜਾਂਦਾ ਹੈ, ਪਰ ਜਨਤਕ ਗੋਲੀਬਾਰੀ ਤੋਂ ਬਚਾ ਲਈ ਬਹੁਤ ਹੀ ਨਿਗੂਣਾ ਧਨ ਖਰਚਿਆ ਜਾਂਦਾ ਹੈ। ਅੰਕੜੇ ਦੱਸਦੇ ਹਨ ਕਿ ਅੰਦਰੂਨੀ ਅਤਿਵਾਦ ਦੀਆਂ ਘਟਨਾਵਾਂ ਕਾਰਨ ਜਨਤਕ ਗੋਲੀਬਾਰੀ ਦੇ ਮੁਕਾਬਲੇ ਬਹੁਤ ਘੱਟ ਜਾਨਾਂ ਗਈਆਂ ਹਨ। ਇਸ ਨੂੰ ਨਾ ਰੋਕਣ ਦੇ ਕਾਰਨਾਂ ਵਿੱਚ ਪਾਰਟੀਆਂ ਵੱਲੋਂ ਵੋਟ ਬੈਂਕ ਵੀ ਦੇਖਿਆ ਜਾ ਰਿਹਾ ਹੈ। ਇੱਕ ਸਰਵੇ ਮੁਤਾਬਿਕ ਬੰਦੂਕਾਂ ਰੱਖਣ ਵਾਲਿਆਂ ਵਿੱਚੋਂ 33 ਫ਼ੀਸਦੀ ਲੋਕ ਅਜਿਹੇ ਹਨ ਜਿਹੜੇ ਸੋਚਦੇ ਹਨ ਕਿ ਬੰਦੂਕਾਂ ਤੋਂ ਬਿਨਾਂ ਰਹਿਣਾ ਅਸੰਭਵ ਹੈ।



ਦੂਜਾ ਵੱਡਾ ਕਾਰਨ ਇਹ ਵੀ ਹੈ ਕਿ ਮੁਲਕ ਦੇ ਵਪਾਰ ਦਾ ਬਹੁਤ ਵੱਡਾ ਹਿੱਸਾ ਹਥਿਆਰ ਵੇਚਣ ਨਾਲ ਜੁੜਿਆ ਹੋਇਆ ਹੈ। ਅਮਰੀਕਾ ਦਾ ਆਰਥਿਕ ਮੰਦਵਾੜਾ ਵੀ ਇੱਕ ਕਾਰਨ ਹੈ ਜਿਸ ਵਿੱਚੋਂ ਅਮਰੀਕਾ ਅਜੇ ਬਾਹਰ ਨਹੀਂ ਨਿਕਲ ਸਕਿਆ। ਇਸ ਲਈ ਸਰਕਾਰਾਂ ਵੀ ਚਾਹੁੰਦੀਆਂ ਹਨ ਕਿ ਜਨਤਾ ਦਾ ਧਿਆਨ ਅਜਿਹੇ ਮਾਮਲਿਆਂ ਵੱਲ ਹੀ ਕੇਂਦਰਿਤ ਰਹੇ। ਅਮਰੀਕਾ ਦੇ ਸੰਵਿਧਾਨ ਦੀ ਇੱਕ ਮੱਦ 'ਅਮੈਂਡਮੈਂਟ 2' ਵੀ ਲੋਕਾਂ ਨੂੰ ਹਥਿਆਰ ਰੱਖਣ ਦਾ ਅਧਿਕਾਰ ਦਿੰਦੀ ਹੈ। ਪਰ ਜੇ ਸਰਕਾਰ ਸੁਹਿਰਦ ਹੋਵੇ ਤਾਂ ਇਹੋ ਜਿਹੀਆਂ ਘਟਨਾਵਾਂ ਨੂੰ ਬੰਦ ਕੀਤਾ ਜਾ ਸਕਦਾ ਹੈ।

ਆਸਟਰੇਲੀਆ ਦੀ ਉਦਾਹਰਣ ਸਾਡੇ ਸਾਹਮਣੇ ਹੈ, ਉੱਥੇ 1987 ਤੋਂ ਲੈ ਕੇ 1996 ਤਕ ਚਾਰ ਵੱਡੀਆਂ ਘਟਨਾਵਾਂ ਵਾਪਰੀਆਂ, ਪਰ ਲੋਕਾਂ ਦੇ ਸਖ਼ਤ ਵਿਰੋਧ 'ਤੇ ਸਰਕਾਰ ਨੇ ਹਥਿਆਰ ਰੱਖਣ 'ਤੇ ਇਹੋ ਜਿਹੇ ਸਖ਼ਤ ਕਾਨੂੰਨ ਬਣਾਏ ਕਿ ਨਤੀਜਾ ਸਾਡੇ ਸਾਹਮਣੇ ਹੈ। ਇੱਕ ਸਰਵੇਖਣ ਮੁਤਾਬਿਕ ਅਮਰੀਕਾ ਵਿੱਚ 310 ਮਿਲੀਅਨ ਹਥਿਆਰ ਲੋਕਾਂ ਦੇ ਹੱਥਾਂ ਵਿੱਚ ਹਨ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਮਤਾ ਪਾਸ ਕੀਤਾ ਸੀ ਕਿ ਦਿਮਾਗ਼ੀ ਤੌਰ 'ਤੇ ਅਣਫਿੱਟ ਲੋਕਾਂ ਨੂੰ ਹਥਿਆਰ ਵੇਚਣ ਤੋਂ ਪਹਿਲਾਂ ਉਨ੍ਹਾਂ ਦੀ ਹਿਸਟਰੀ ਬਾਰੇ ਜਾਣਨਾ ਜ਼ਰੂਰੀ ਬਣਾਇਆ ਜਾਵੇ, ਪਰ ਡੋਨਲਡ ਟਰੰਪ ਨੇ ਰਾਸ਼ਟਰਪਤੀ ਬਣਦਿਆਂ ਸਾਰ ਪਹਿਲਾਂ ਉਸ ਮਤੇ ਨੂੰ ਹੀ ਖ਼ਤਮ ਕਰ ਦਿੱਤਾ। ਪਿਛਲੇ ਸਾਲ ਹੀ ਲਾਸ ਵੇਗਾਸ ਵਿੱਚ ਸਟੀਫਨ ਨਾਂ ਦੇ ਸਾਬਕਾ ਫ਼ੌਜੀ ਨੇ ਇੱਕ ਹੋਟਲ ਦੇ ਕਮਰੇ ਵਿੱਚੋਂ ਹੀ ਸੰਗੀਤਕ ਸਮਾਗਮ ਵਿੱਚ ਇਕੱਠੇ ਹੋਏ ਲੋਕਾਂ 'ਤੇ ਫਾਇਰਿੰਗ ਕਰਕੇ 58 ਲੋਕਾਂ ਨੂੰ ਮਾਰ ਦਿੱਤਾ ਤੇ 500 ਤੋਂ ਵਧ ਜ਼ਖ਼ਮੀ ਕਰ ਦਿੱਤੇ। ਕੁਝ ਦਿਨ ਪਹਿਲਾਂ ਹੀ ਸਕੂਲ ਦੇ ਇੱਕ ਪੁਰਾਣੇ ਵਿਦਿਆਰਥੀ ਨੇ ਸਕੂਲ ਵਿੱਚ ਹੀ ਗੋਲੀਬਾਰੀ ਕਰਕੇ 19 ਲੋਕਾਂ ਦੀ ਜਾਨ ਲੈ ਲਈ। ਨੈਸ਼ਨਲ ਰਾਈਫਲ ਐਸੋਸੀਏਸ਼ਨ ਆਫ ਅਮਰੀਕਾ ਨੇ ਧਮਕੀ ਭਰੇ ਲਹਿਜੇ ਵਿੱਚ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਲੋਕਾਂ ਨੂੰ ਹਥਿਆਰ ਵੇਚਣ ਦੇ ਮਾਮਲੇ ਵਿੱਚ ਕਿਸੇ ਵੀ ਕਿਸਮ ਦੀ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਟਰੰਪ ਸਰਕਾਰ ਦੇ ਇਸ ਲੋਕ ਵਿਰੋਧੀ ਰਵੱਈਏ ਨੂੰ ਦੇਖਦਿਆਂ ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਘਟਨਾ ਤੋਂ ਬਾਅਦ ਵਿਦਿਆਰਥੀਆਂ ਨੇ ਸੜਕਾਂ 'ਤੇ ਆ ਕੇ ਪ੍ਰਦਰਸ਼ਨ ਕੀਤਾ ਤੇ ਮੰਗ ਕੀਤੀ ਕਿ ਹਥਿਆਰ ਵੇਚਣ ਤੇ ਖ਼ਰੀਦਣ ਵਾਲਿਆਂ ਲਈ ਸਖ਼ਤ ਕਾਨੂੰਨ ਬਣਾਏ ਜਾਣ ਤੇ ਆਟੋਮੈਟਿਕ ਹਥਿਆਰਾਂ ਦੀ ਵਿੱਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇ।

# WORKING CAPITAL R US





## SOLUTIONS

SBA FINANCING | ASSET BASED LOANS | EQUIPMENT FINANCING

ACCOUNTS RECEIVABLES | BUSINESS LINES OF CREDIT

We look forward to your valued inquiry
for our Business Solutions.







**Call (646) 897 3016**

info@workingcapitalrus.com
www. workingcapitalrus.com

# ਜਿਸਮ ਦੀ ਚਾਹਤ

1 ਦਸੰਬਰ ਦੀ ਸਵੇਰੇ 11 ਵਜੇ ਦੇ ਕਰੀਬ ਕ੍ਰਿਸ਼ਨਾ ਵੱਲਭ ਗੁਪਤਾ ਲਿਫ਼ਟ ਤੋਂ7ਵੀਂ ਮੰਜ਼ਿਲ ਤੇ ਸਥਿਤ ਆਪਣੇ ਫ਼ਲੈਟ ਨੰਬਰ 702 'ਤੇ ਪਹੁੰਚੇ ਤਾਂ ਉਹਨਾਂ ਨੂੰ ਫ਼ਲੈਟ ਦੇ ਦਰਵਾਜ਼ੇ ਦੀ ਸਿਟਕਣੀ ਬਾਹਰ ਤੋਂ ਬੰਦ ਮਿਲੀ। ਉਸਨੂੰ ਲੱਗਿਆ ਕਿ ਰੁਚਿਕਾ ਕਿਸੇ ਕੰਮ ਉਪਰ ਵਾਲੇ ਫ਼ਲੈਟ ਵਿੱਚ ਗਈ ਹੋਵੇਗੀ। ਇਯ ਕਰਕੇ ਬਾਹਰ ਤੋਂ ਸਿਟਕਣੀ ਬੰਦ ਹੈ। ਸਿਟਕਣੀ ਖੋਲ੍ਹ ਕੇ ਉਹ ਅੰਦਰ ਪਹੁੰਚੇ ਤਾਂ ਬੱਚਿਆਂ ਦੇ ਬੈਡਰੂਮ ਦੇ ਸਾਹਮਣੇ ਉਹਨਾਂ ਨੂੰ ਕਈ ਥਾਵਾਂ ਤੇ ਖ਼ੂਨ ਦੇ ਨਿਸ਼ਾਨ ਦਿਖਾਈ ਦਿੱਤੇ। ਉਹਨਾਂ ਨੂੰ ਲੱਗਿਆ ਕਿ ਰੁਚਿਤਾ ਦੇ ਹੱਥ ਜਾਂ ਪੈਰ ਤੇ ਕੁਝ ਲੱਗ ਗਿਆ ਹੋਵੇਗਾ, ਉਸੇ ਦੇ ਖ਼ੂਨ ਦੇ ਨਿਸ਼ਾਨ ਹਨ। ਉਹਨਾਂ ਨੇ ਰੁਚਿਤਾ ਨੂੰ ਆਵਾਜ਼ ਦਿੱਤੀ, ਰੁਚੀ ਕਿੱਥੇ ਹੋ ?

ਰੁਚਿਤਾ ਨਾ ਬੋਲੀ ਤਾਂ ਕ੍ਰਿਸ਼ਨ ਵੱਲਭ ਉਪਰ ਵਾਲੇ ਫ਼ਲੈਟ ਵਿੱਚ ਉਸਨੂੰ ਦੇਖਣ ਗਏ। ਉਥੇ ਉਹ ਵੀ ਨਹੀਂ ਮਿਲੀ ਤਾਂ ਉਹਨਾਂ ਨੂੰ ਸ਼ੰਕਾ ਹੋਇਆ। ਆਪਣੇ ਫ਼ਲੈਟ ਵਿੱਚ ਆ ਕੇ ਉਹਨਾਂ ਨੇ ਕਮਰਿਆਂ ਵਿੱਚ ਹੀ ਨਹੀਂ, ਬਾਥਰੂਮ, ਟਾਇਲਟ ਵਿੱਚ ਦੇਖਿਆ ਪਰ ਰੁਚਿਤਾ ਕਿਤੇ ਨਾ ਮਿਲੀ।

ਇਸ ਤਲਾਸ਼ ਵਿੱਚ ਉਹਨਾਂ ਨੂੰ ਫ਼ਲੈਟ ਦੇ ਕੁਝ ਹੋਰ ਕਮਰਿਆਂ ਤੇ ਵੀ ਖ਼ੂਨ ਦੇ ਨਿਸ਼ਾਨ ਨਜ਼ਰ ਆਏ। ਇਸ ਤੋਂ ਬਾਅਦ ਉਹਨਾਂ ਨੇ ਰੁਚਿਤਾ ਦੇ ਮੋਬਾਇਲ ਤੇ ਫ਼ੋਨ ਕੀਤਾ। ਫ਼ੋਨ ਦੀ ਘੰਟੀ ਤਾਂ ਪੂਰੀ ਵੱਜੀ, ਪਰ ਫ਼ੋਨ ਰਿਸੀਵ ਨਾ ਹੋਇਆ।

ਕ੍ਰਿਸ਼ਨਾ ਵੱਲਭ ਥੋੜ੍ਹਾ ਪ੍ਰੇਸ਼ਾਨ ਹੋਇਆ, ਉਸਨੇ ਹੇਠਾਂ ਦੇ ਅਪਾਰਟਮੈਂਟ ਦੇ ਸੁਰੱਖਿਆ ਗਾਰਡ ਪ੍ਰੇਮ ਬਹਾਦਰ ਨੂੰ ਫ਼ੋਨ ਕਰਕੇ ਰੁਚਿਤਾ ਦੇ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਮੈਡਮ ਤਾਂ ਹੇਠਾਂ ਆਈ ਨਹੀਂ ਅਤੇ ਨਾ ਹੀ ਅਪਾਰਟਮੈਂਟ ਤੋਂ ਬਾਹਰ ਗਈ ਹੈ। ਇਸ ਤੋਂ ਬਾਅਦ ਉਹਨਾਂ ਨੇ ਉਸ ਫ਼ਲੈਟ ਵਿੱਚ ਖ਼ੂਨ ਦੇ ਨਿਸ਼ਾਨ ਮਿਲਣ ਦੀ ਗੱਲ ਕਹਿ ਕੇ ਉਪਰ ਬੁਲਾ ਲਿਆ।

ਉਹ ਉਪਰ ਪਹੁੰਚਿਆ ਤਾਂ ਖ਼ੂਨ ਦੇ ਨਿਸ਼ਾਨ ਦੇਖ ਕੇ ਉਹ ਵੀ ਹੈਰਾਨ ਹੋਇਆ, ਇਕ ਵਾਰ ਫ਼ਿਰ ਕ੍ਰਿਸ਼ਨਾ ਵੱਲਭ ਨੇ ਗਾਰਡ ਦੇ ਨਾਲ ਰੁਚਿਤਾ ਦੀ ਤਲਾਸ਼ ਆਰੰਭ ਕੀਤੀ। ਗਾਰਡ ਪ੍ਰੇਮ ਬਹਾਦਰ ਨੇ ਫ਼ਲੈਟ ਦੇ ਸਟੋਰ ਰੂਮ ਦਾ ਦਰਵਾਜ਼ਾ ਖੋਲ੍ਹਿਆ ਤਾਂ ਹੇਠਾਂ ਫ਼ਰਸ਼ 'ਤੇ ਸਾਹਮਣੇ ਹੀ ਰੁਚਿਤਾ ਦੀ ਲਾਸ਼ ਦਿਖਾਈ ਦਿੱਤੀ। ਉਸ ਦੇ ਆਸ ਪਾਸ ਖ਼ੂਨ ਫ਼ੈਲਿਆ ਸੀ। ਲਾਸ਼ ਦੇਖ ਕੇ ਪ੍ਰੇਮ ਬਹਾਦਰ ਚੀਖ ਪਿਆ। ਕ੍ਰਿਸ਼ਨਾ ਵੱਲਭ ਭੱਜ ਕੇ ਉਸ ਦੇ ਕੋਲ ਆਇਆ ਅਤੇ ਰੁਚਿਤਾ ਦੀ ਨਬਜ਼ ਲੱਭ ਕੇ ਦੇਖਿਆ ਉਹ ਸ਼ਾਂਤ ਸੀ। ਪਤਨੀ ਦੀ ਮੌਤ ਦੇ ਬਾਰੇ ਜਾਣ ਕੇ ਉਹ ਜ਼ੋਰ ਦੀ ਚੀਖਿਆ। ਉਸ ਦੇ ਚੀਖਣ ਦੀ ਆਵਾਜ਼ ਸੁਣ ਕੇ ਪੜੌਸੀ ਆ ਗਏ।

ਇਹ ਘਟਨਾ ਉਦੈਪੁਰ ਸ਼ਹਿਰ ਦੇ ਨਿਊ ਭੋਪਾਲਪੁਰਾ ਦੇ ਲਕਸ਼ਮਣ ਵਾਟਿਕਾ ਦੇ ਕੋਲ ਬਣੇ ਆਰਬਿਟ 1 ਅਪਾਰਟਮੈਂਟ ਦੀ ਹੈ। ਕ੍ਰਿਸ਼ਨਾ ਵੱਲਭ ਗੁਪਤਾ ਇਸ ਬਹੁ-ਮੰਜ਼ਿਲਾ ਅਪਾਰਟਮੈਂਟ ਵਿੱਚ 7ਵੀਂ ਮੰਜ਼ਿਲ 'ਤੇ ਬਣੇ ਫ਼ਲੈਟ ਵਿੱਚ ਪਤਨੀ ਰੁਚਿਤਾ, 0 ਸਾਲ ਦੀ ਬੇਟੀ ਅਵਿਸ਼ੀ ਅਤੇ 8 ਸਾਲ ਦੇ ਬੇਟੇ ਅਰਨਵ ਦੇ ਨਾਲ ਰਹਿੰਦੇ ਸਨ। ਦਿਨ ਦਿਹਾੜੇ ਫ਼ਲੈਟ ਵਿੱਚ ਔਰਤ ਦੀ ਹੱਤਿਆ ਹੋਣ ਕਾਰਨ ਪੂਰੇ ਅਪਾਰਟਮੈਂਟ ਵਿੱਚ ਸਨਸਨੀ ਫ਼ੈਲ ਗਈ ਸੀ।

ਸੂਚਨਾ ਮਿਲਣ ਤੇ ਕੁਝ ਹੀ ਦੇਰ ਵਿੱਚ ਥਾਣਾ ਸੁਖੇਰ ਪੁਲੀਸ ਘਟਨਾ ਸਥਾਨ 'ਤੇ ਆ ਗਈ ਸੀ। ਫ਼ਲੈਟ ਅਤੇ ਲਾਸ਼ ਦੇ ਨਿਰੀਖਣ ਤੋਂ ਸਾਫ਼ ਲੱਗ ਰਿਹਾ ਸੀ ਕਿ ਮ੍ਰਿਤਕਾ ਨੇ ਆਖਰੀ ਦਮ ਤੱਕ ਸੰਘਰਸ਼ ਕੀਤਾ ਸੀ। ਹੱਤਿਆ ਕਿਸੇ ਨੋਕੀਲੀ ਚੀਜ਼ ਤੋਂ ਇਲਾਵਾ ਸਿਰ ਨੂੰ ਦੀਵਾਰ ਨਾਲ ਪਟਕ ਕੇ ਕੀਤੀ ਗਈ ਸੀ।

ਫ਼ਲੈਟ ਦੀ ਸਥਿਤੀ ਤੋਂ ਸਾਫ਼ ਲੱਗ ਰਿਹਾ ਸੀ ਕਿ ਲੁੱਟਮਾਰ ਵਰਗਾ ਕੁਝ ਨਹੀਂ ਸੀ। ਰਸੋਈ ਵਿੱਚ ਗੈਸ ਚੁੱਲ੍ਹੇ 'ਤੇ ਦੁੱਧ ਰੱਖਿਆ ਸੀ। ਘਰ ਵਿੱਚ ਰੁਚਿਤਾ ਦੇ ਮੋਬਾਇਲ ਦੀ ਫ਼ੋਨ ਕੀਤੀ ਗਈ ਪਰ ਉਹ ਨਾਂ ਮਿਲਿਆ। ਹੁਣ ਤੱਕ ਇਹ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਰੁਚਿਤਾ ਦੀ ਹੱਤਿਆ ਕਿਉਂ ਕੀਤੀ ਗਈ ਸੀ ? ਫ਼ਲੈਟ ਵਿੱਚ ਨਾ ਤਾਂ ਚੋਰੀ ਹੋਈ ਅਤੇ ਨਾ ਹੀ ਕੋਈ ਦੂਜੀ ਅਜਿਹੀ ਗੱਲ ਸਾਹਮਣੇ ਆਈ, ਜਿਸ ਤੋਂ ਹੱਤਿਆ ਦਾ ਪਤਾ ਲੱਗਦਾ।

ਸੂਚਨਾ ਮਿਲਣ ਤੇ ਉਦੈਪੁਰ ਦੇ ਹੀ ਸੈਕਟਰ 4 ਵਿੱਚ ਰਹਿਣ ਵਾਲੀ ਰੁਚਿਤਾ ਦੀ ਮਾਸੀ ਮੋਨਿਕਾ ਜੈਨ ਅਤੇ ਕੁਝ ਹੋਰ ਰਿਸ਼ਤੇਦਾਰ ਅਤੇ ਵਾਕਫ਼ਕਾਰ ਆ ਗਏ ਸਨ। ਪੁੱਛਗਿੱਛ ਵਿੱਚ ਕ੍ਰਿਸ਼ਨਾ ਵੱਲਭ ਨੇ ਦੱਸਿਆ ਕਿ ਉਹ ਐਲ. ਐਲ. ਬੀ. ਫ਼ਾਈਨਲ ਈਅਰ ਦੀ ਪੜ੍ਹਾਈ ਕਰ ਰਿਹਾ ਸੀ। ਇਯ ਤੋਂ ਇਲਾਵਾ ਉਹ ਸੀ. ਏ. ਵੀ ਕਰ ਰਿਹਾ ਸੀ। ਰੁਚਿਤਾ ਵਕੀਲ ਸੀ ਅਤੇ ਉਦੈਪੁਰ ਬਾਰ ਐਸੋਸੀਏਸ਼ਨ ਦੀ ਮੈਂਬਰ ਵੀ ਸੀ। ਕਦੀ-ਕਦੀ ਉਹ ਕੋਰਟ ਵੀ ਜਾਂਦੀ ਸੀ। ਉਹ ਜੱਜ ਬਣਨਾ ਚਾਹੁੰਦੀ ਸੀ, ਇਯ ਕਰਕੇ ਰਾਜਸਥਾਨ ਨਿਆਂਇਕ ਸੇਵਾ ਪ੍ਰੀਖਿਆ ਦੀ ਤਿਆਰੀ ਕਰ ਰਹੀ ਸੀ। ਇਸ ਦੇ ਲਈ ਉਹ ਸਵੇਰੇ ਕਰੀਬ ਸਾਢੇ 7 ਵਜੇ ਕੋਚਿੰਗ ਜਾਂਦੀ ਸੀ। ਉਸ ਦਿਨ ਵੀ ਉਹ ਸਵੇਰੇ ਆਪਣੇ ਵਕਤ ਤੇ ਕੋਚਿੰਗ ਚਲੀ ਗਈ ਸੀ। ਉਸ ਤੋਂ ਬਾਅਦ ਦੋਵੇਂ ਬੱਚੇ ਸਕੂਲ ਚਲੇ ਗਏ ਸਨ। ਸਾਢੇ 8 ਵਜੇ ਉਹ ਵੀ ਕਾਲਜ ਚਲਾ ਗਿਆ ਸੀ। ਉਦੋਂ ਤੱਕ ਰੁਚਿਤਾ ਕੋਚਿੰਗ ਤੋਂ ਆਈ ਨਹੀਂ ਸੀ। ਅਪਾਰਟਮੈਂਟ ਤੋਂ ਨਿਕਲਦੇ ਵਕਤ ਉਸ ਨੇ ਸੁਰੱਖਿਆ ਗਾਰਡ ਪ੍ਰੇਮ ਬਹਾਦਰ ਨੂੰ ਕਿਹਾ ਸੀ ਕਿ ਦੁੱਧ ਵਾਲਾ ਆਵੇ ਤਾਂ ਮੈਡਮ ਨੂੰ ਕਹਿ ਦੇਣਾ ਕਿ ਦੁੱਧ ਲੈ ਲਵੇਗੀ। 11 ਵਜੇ ਦੇ ਕਰੀਬ ਉਹ ਘਰ ਮੁੜਿਆ ਤਾਂ ਫ਼ਲੈਟ ਦੇ ਦਰਵਾਜ਼ੇ ਦੀ ਬਾਹਰ ਤੋਂ ਸਿਟਕਣੀ ਲੱਗੀ ਸੀ ਅਤੇ ਅੰਦਰ ਸਟੋਰ ਰੂਮ ਵਿੱਚ ਰੁਚਿਤਾ ਦੀ ਲਾਸ਼ ਪਈ ਸੀ।

ਕ੍ਰਿਸ਼ਨਾ ਵੱਲਭ ਦੀਆਂ ਗੱਲਾਂ ਤੋਂ ਸਾਫ਼ ਹੋ ਗਿਆ ਸੀ ਕਿ ਰੁਚਿਤਾ ਦੀ ਹੱਤਿਆ ਸਵੇਰੇ ਸਾਢੇ 8 ਤੋਂ 11 ਵਜੇ ਵਿਚਕਾਰ ਹੋਈ ਸੀ। ਪੁਲੀਸ ਨੇ ਪੜੌਸੀਆਂ ਅਤੇ ਸੁਰੱਖਿਆ ਗਾਰਡ ਪ੍ਰੇਮ ਬਹਾਦਰ ਤੋਂ ਵੀ ਪੁੱਛਗਿੱਛ ਕੀਤੀ ਪਰ ਅਜਿਹੀ ਕੋਈ ਗੱਲ ਸਾਹਮਣੇ ਨਾ ਆਈ, ਜਿਸ ਤੋਂ ਹੱਤਿਆ ਜਾਂ ਹਤਿਆਰੇ ਬਾਰੇ ਕੁਝ ਪਤਾ ਲੱਗਦਾ।

ਪੁਲੀਸ ਨੇ ਘਟਨਾ ਸਥਾਨ ਦੀ ਕਾਰਵਾਈ ਕਰਕੇ ਲਾਸ਼ ਨੂੰ ਪੋਸਟ ਮਾਰਟਮ ਦੇ ਲਈ ਭਿਜਵਾਉਣਾ ਚਾਹਆ ਤਾ ਰੁਚਿਤਾ ਦੀ ਮਾਸੀ ਮੋਨਿਕਾ ਨੇ ਬੇਨਤੀ ਕੀਤੀ ਕਿ ਰੁਚਿਤਾ ਦੇ ਘਰ ਵਾਲੇ ਅਜਮੇਰ ਤੋਂ ਚੱਲੇ ਹਨ, ਉਹਨਾਂ ਨੂੰ ਆ ਜਾਣ ਦਿਓ, ਉਸ ਤੋਂ ਬਾਅਦ ਲਾਸ਼ ਦਾ ਪੋਸਟ ਮਾਰਟਮ ਕਰਵਾਇਆ ਜਾਵੇ। ਪੁਲੀਸ ਮੰਨ ਗਈ। ਇਸੇ ਵਿਚਕਾਰ ਪੁਲੀਸ ਜਾਂਚ ਕਰਦੀ ਰਹੀ। ਐਸ. ਐਫ਼. ਐਲ. ਟੀਮ ਨੇ ਵੀ ਆ ਕੇ ਸਾਰੇ ਸਬੂਤ ਜੁਟਾ ਲਏ ਸਨ। ਦੁਪਹਿਰੇ ਰੁਚਿਤਾ ਦੇ ਦੋਵੇਂ ਬੱਚੇ ਸਕੂਲ ਤੋਂ ਆਏ ਤਾਂ ਉਹਨਾਂ ਨੂੰ ਕੁਝ ਦੱਸੇ ਬਿਨਾਂ ਮੋਨਿਕਾ ਜੈਨ ਨੇ ਆਪਣੇ ਘਰ ਭਿਜਵਾ ਦਿੱਤਾ। ਸ਼ਾਮ ਨੂੰ ਰੁਚਿਤਾਦੇ ਪਿਤਾ ਦੁਲੀ ਚੰਦ ਜੈਨ ਅਤੇ ਭਰਾ ਵਿਵੇਕ ਉਰਫ਼ ਸੋਨੂੰ ਪਹੁੰਚੇ ਤਾਂ ਲਾਸ਼ ਦੇਖਕੇ ਰੋਣ ਲੱਗੇ। ਪਿਤਾ ਅਤੇ ਭਰਾ ਨੇ ਰੁਚਿਤਾ ਦੀ ਹੱਤਿਆ ਲਈ ਕ੍ਰਿਸ਼ਨ ਵੱਲਭ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਸ਼ਰਾਬ ਪੀ ਕੇ ਉਹ ਰੁਚਿਤਾ ਦੇ ਨਾਲ ਮਾਰਕੁੱਟ ਕਰਦਾ ਸੀ। ਰੋਜ਼ਾਨਾ ਫ਼ੋਨ ਕਰਕੇ ਉਹ ਪਤੀ ਦੀਆਂ ਹਰਕਤਾਂ ਦੱਸਦੀ ਸੀ। ਰੁਚਿਤਾ ਦੇ ਨਾਂ ਤੇ ਲਏ ਗਏ ਫ਼ਲੈਟ ਅਤੇ ਉਸ ਦੇ ਗਹਿਣੇ ਵੀ ਉਸ ਨੇ ਵੇਚ ਦਿੱਤੇ ਸਨ। ਪਿਤਾ ਅਤੇ ਭਰਾ ਨੇ ਰੁਚਿਤਾ ਦੀ ਹੱਤਿਆ ਦਾ ਕ੍ਰਿਸ਼ਨ ਵੱਲਭ ਗੁਪਤਾ 'ਤੇ ਦੋਸ਼ ਲਗਾਉਂਦੇ ਹੋਏ ਉਸ ਦੇ ਖਿਲਾਫ਼ ਹੱਤਿਆ ਦਾ ਮੁਕੱਦਮਾ ਦਰਜ ਕਰਨ ਲਈ ਤਹਿਰੀਰ ਵੀ ਦੇ ਦਿੱਤੀ ਸੀ। ਰੁਚਿਤਾ ਦੇ ਪਿਤਾ ਅਤੇ ਭਰਾ ਦੁਆਰਾ ਦਿੱਤੀ ਗਈ ਤਹਿਰੀਰ ਨੂੰ ਮੁਕੱਦਮਾ ਦਰਜ ਕਰਨ ਥਾਣੇ ਭੇਜ ਦਿੱਤਾ। ਇਸ ਤੋਂ ਬਾਅਦ ਬਾਕੀ ਦੀ ਕਾਰਵਾਈ ਕਰਕੇ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ। ਪੁਲੀਸ ਕ੍ਰਿਸ਼ਨ ਵੱਲਭ ਨੂੰ ਥਾਣੇ ਲੈ ਆਈ। ਥਾਣੇ ਵਿੱਚ ਪੁੱਛਗਿੱਛ ਵਿੱਚ ਵੀ ਉਸਨੇ ਉਹੀ ਗੱਲ ਦੁਹਰਾਈ। ਪੁਲੀਸ ਨੇ ਉਸ ਦੀਆਂ ਗੱਲਾਂ ਦੀ ਸਚਾਈ ਦਾ ਪਤਾ ਲਗਾਇਆ ਤਾਂ ਉਸ ਨੇ ਦੱਸਿਆ ਕਿ ਉਹ ਲਾ ਕਾਲਜ ਦਾ ਰੈਗੂਲਰ ਸਟੂਡੈਂਟ ਹੈ, ਪਰ ਉਹ ਰੋਜ਼ਾਨਾ ਨਹੀਂ, ਕਦੀ-ਕਦੀ ਕਾਲਜ ਜਾਂਦਾ ਸੀ। ਹੁਣ ਸਵਾਰ ਇਹ ਸੀ ਕਿ ਜਦੋਂ ਉਹ ਰੋਜ਼ਾਨਾ ਕਾਲਜ ਨਹੀਂ ਜਾਂਦਾ ਸੀ ਤਾਂ ਉਸ ਦਿਨ ਕਾਲਜ ਕਿਉਂ ਗਿਆ ਸੀ ?

ਉਸ ਨੇ ਦੱਸਿਆ ਕਿ ਬੱਚਿਆਂ ਦੇ ਉਠਣ ਤੋਂ ਪਹਿਲਾਂ ਰੁਚਿਤਾ ਕੋਚਿੰਗ ਚਲੀ ਗਈ ਸੀ, ਜਦਕਿ ਬੱਚਿਆਂ ਨੇ ਦੱਸਿਆ ਕਿ ਸਵੇਰੇ ਉਹਨਾਂ ਦਾ ਟਿਫ਼ਟ ਬਣਾ ਕੇ ਮੰਮੀ ਨੇ ਹੀ ਦਿੱਤਾ ਸੀ। ਸਵੇਰੇ 10 ਵਜੇ ਦੇ ਕਰੀਬ ਚੌਕਾ ਬਰਤਨ ਕਰਨ ਵਾਲੀ ਬਾਈ ਹੇਮਾ ਆਈ ਸੀ ਤਾਂ ਦਰਵਾਜ਼ੇ ਤੇ ਜਿੰਦਰਾ ਲੱਗਿਆ ਸੀ।

ਦੂਜੇ ਪਾਸੇ ਕ੍ਰਿਸ਼ਨ ਵੱਲਭ ਨੇ ਦੱਸਿਆ ਸੀ ਕਿ 11 ਵਜੇ ਜਦੋਂ ਉਹ ਫ਼ਲੈਟ ਤੇ ਪਹੁੰਚਿਆ ਤਾਂ ਦਰਵਾਜ਼ੇ ਤੇ ਬਾਹਰ ਸਿਟਕਣੀ ਲੱਗੀ ਸੀ ਅਤੇ ਰੁਚਿਤਾ ਦੀ ਲਾਸ਼ ਸਟੋਰ ਰੂਮ ਵਿੱਚ ਪਈ ਸੀ। ਉਸ ਨੇ ਫ਼ਲੈਟ ਦੇ ਅੰਦਰ ਆ ਕੇ ਵੀ ਲਾਸ਼ ਕਿਉਂ ਨਹੀਂ ਦੇਖੀ ? ਲਾਸ਼ ਸੁਰੱਖਿਆ ਗਾਰਡ ਨੇ ਦੇਖੀ। ਉਸ ਦੇ ਹੱਥ ਦੇ ਨਹੁੰਆਂ ਤੇ ਖ਼ੂਨ ਲੱਗਿਅ ਸੀ, ਜਿਸ ਬਾਰੇ ਉਸ ਦਾ ਕਹਿਣਾ ਸੀ ਕਿ ਰੁਚਿਤਾ ਦੀ ਲਾਸ਼ ਨੂੰ ਦੇਖਦੇ ਵਕਤ ਉਸ ਦੇ ਸਰੀਰ 'ਤੇ ਲੱਗਿਆ ਖ਼ੂਨ ਉਸ ਦੇ ਹੱਥਾਂ ਤੇ ਲੱਗ ਗਿਆ ਹੋਵੇਗਾ।

ਰੁਚਿਤਾ ਦੇ ਪਿਤਾ ਅਤੇ ਭਰਾ ਦਾ ਕਹਿਣਾ ਸੀ ਕਿ ਕ੍ਰਿਸ਼ਨ ਵੱਲਭ ਬਹੁਤ ਹੀ ਗੁਸੈਲ ਅਤੇ ਹਿੰਸਕ ਪ੍ਰਵਿਰਤੀ ਦਾ ਸੀ। ਅਕਸਰ ਪਤੀ-ਪਤਨੀ ਵਿੱਚ ਝਗੜਾ ਹੁੰਦਾ ਰਹਿੰਦਾ ਸੀ। ਉਸਨੇ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਉਸ ਨੇ ਰੁਚਿਤਾ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਸੀ। ਹਾਲਾਂਕਿ ਪੜੌਸੀਆਂ ਨੇ ਝਗੜਿਆਂ ਦੀ ਗੱਲ ਨਹੀਂ ਦੱਸੀ ਸੀ।

ਪੁੱਛਗਿੱਛ ਵਿੱਚ ਇਹ ਵੀ ਪਤਾ ਲੱਗਿਆ ਕਿ ਕੁਝ ਸਮਾਂ ਪਹਿਲਾਂ ਰੁਚਿਤਾ ਪਤੀ, ਬੱਚਿਆਂ ਅਤੇ ਭਰਾ ਦੇ ਨਾਲ ਦੁਬਈ ਘੁੰਮਣ ਗਈ ਸੀ। ਉਥੇ ਕਿਸੇ ਗੱਲ ਤੇ ਵਿਵਾਦ ਹੋ ਗਿਆ ਤਾਂ ਕ੍ਰਿਸ਼ਨ ਵੱਲਭ ਦੋਵੇਂ ਬੱਚਿਆਂ ਨੂੰ ਛੱਡ ਕੇ ਚਲਿਆ ਆਇਆ ਸੀ। ਬਾਅਦ ਵਿੱਚ ਰੁਚਿਤਾ ਦਾ ਭਰਾ ਉਹਨਾਂ ਨੂੰ ਲੈ ਕੇ ਆਇਆ ਸੀ। ਕ੍ਰਿਸ਼ਨਾ ਵੱਲਭ ਨੇ ਦੱਸਿਆ ਕਿ ਉਹ ਸਾਢੇ 8 ਵਜੇ ਕਾਲਜ ਦੇ ਲਈ ਨਿਕਲਿਆ ਸੀ, ਉਦੋਂ ਤੱਕ ਰੁਚਿਤਾ ਘਰ ਨਹੀਂ ਵਾਪਸ ਆਈ ਸੀ।

ਜਦਕਿ ਅਪਾਰਟਮੈਂਟ ਦੇ ਕੁਝ ਲੋਕਾਂ ਦਾ ਕਹਿਣਾ ਸੀ ਕਿ ਸਾਢੇ 8 ਵਜੇ ਰੁਚਿਤਾ ਅਪਾਰਟਮੈਂਟ ਦੀ ਲਿਫ਼ਟ ਵਿੱਚ ਮਿਲੀ ਸੀ। ਇਸ ਤੋਂ ਇਲਾਵਾ ਕ੍ਰਿਸ਼ਨ ਵੱਲਭ ਨੇ ਉਸ ਦਿਨ ਤੋਂ ਪਹਿਲਾਂ ਅਪਾਰਟਮੈਂਟ ਦੇ ਸੁਰੱਖਿਆ ਗਾਰਡ ਨੂੰ ਕਦੀ ਇਹ ਨਹੀਂ ਕਿਹ ਸੀ ਕਿ ਦੁੱਧ ਵਾਲਾ ਆਵੇ ਤਾਂ ਮੈਡਮ ਨੂੰ ਕਹਿ ਦੇਣਾ ਕਿ ਦੁੱਧ ਲੈ ਲਵੇਗੀ।

ਇਹ ਗੱਲਾਂ ਕ੍ਰਿਸ਼ਨ ਵੱਲਬਭ ਗੁਪਤਾ ਨੂੰ ਸ਼ੱਕ ਦੇ ਦਾਇਰੇ ਵਿੱਚ ਲਿਆ ਰਹੀਆਂ ਸਨ, ਜਦਕਿ ਹੱਤਿਆ ਵਿੱਚ ਕਿਸੇ ਵੀ ਤਰ੍ਹਾਂ ਆਪਣਾ ਹੱਥ ਨਾ ਹੋਣ ਤੇ ਉਹ ਬਜਿੱਦ ਸੀ। ਪੁਲੀਸ ਨੇ ਰੁਚਿਤਾ ਦੇ ਮੋਬਾਇਲ ਨੂੰ ਸਰਵਿਲਾਂਸ ਤੇ ਲਗਵਾ ਦਿੱਤਾ। ਪੁਲੀਸ ਕ੍ਰਿਸ਼ਨ ਵੱਲਭ ਤੋਂ ਪੁੱਛਗਿੱਛ ਕਰ ਹੀ ਰਹੀ ਸੀ ਕਿ ਰਾਤ ਹੁੰਦੇ-ਹੁੰਦੇ ਇਸ ਮਾਮਲੇ ਵਿੱਚ ਇਕ ਨਵਾਂ ਮੋੜ ਆ ਗਿਆ।

ਅਪਾਰਟਮੈਂਟ ਦੀ 8ਵੀਂ ਮੰਜ਼ਿਲ ਦੇ ਫ਼ਲੈਟ ਨੰਬਰ 892 ਵਿੱਚ ਰਹਿਣ ਵਾਲੇ ਅਰਵਿੰਦ ਕੋਠਾਰੀ ਦਾ 22 ਸਾਲ ਦਾ ਮੁੰਡਾ ਦਿਵਿਆ ਅਚਾਨਕ ਲਾਪਤਾ ਹੋ ਗਿਆ। ਲਾਪਤਾ ਹੋਣ ਤੋਂ ਪਹਿਲਾਂ ਉਹ ਆਪਣੇ ਕਮਰੇ ਵਿੱਚ ਇਕ ਪੱਤਰ ਛੱਡ ਗਿਆ, ਜਿਸ ਵਿੱਚ ਉਸ ਨੇ ਲਿਖਿਆ ਸੀ, ਰੁਚਿਤਾ ਦੀ ਹੱਤਿਆ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ ਹੈ, ਮੈਂ ਕਾਫ਼ੀ ਪ੍ਰੇਸ਼ਾਨ ਹਾਂ। ਦਿਨ ਭਰ ਪੁਲੀਸ ਨੇ ਮੇਰੇ ਤੋਂ ਪੁੱਛਗਿੱਛ ਕੀਤੀ ਪਰ ਮੰਮੀ-ਪਾਪਾ, ਮੈਂ ਕੁਝ ਨਹੀਂ ਕੀਤਾ।

ਅਚਾਨਕ ਇਸ ਤਰ੍ਹਾਂ ਦਿਵਿਆ ਕੋਠਰੀ ਦ ਗਇਬ ਹੋ ਣ ਅਤੇ ਛੱਡੇ ਗ ? ਪੱਤਰ ਵਿੱਚ ਰੁਚਿਤਾ



ਦੀ ਹੱਤਿਆ ਨਾਲ ਮੇਰਾ ਕੋਈ ਸਬੰਧ ਨਹੀਂ' ਵਾਲੀ ਗੱਲ ਨੈ ਪੁਲੀਸ ਨੂੰ ਉਲਝਾ ਲਿਆ। ਉਸ ਦੇ ਘਰ ਵਾਲਿਆਂ ਦਾ ਕਹਿਣਾ ਸੀ ਕਿ ਦੁਪਹਿਰ ਦੇ ਕਰੀਬ 2 ਵਜੇ ਉਹ ਬਿਨਾਂ ਦੱਸੇ ਮੋਟਰ ਸਾਈਕਲ ਤੇ ਕਿਤੇ ਚਲਾ ਗਿਆ ਸੀ। ਜਦੋਂ ਰਾਤ ਤੱਕ ਉਹ ਘਰ ਨਾ ਆਇਆ ਤਾਂ ਉਹਨਾਂ ਨੂੰ ਚਿੰਤਾ ਹੋਈ। ਉਹਨਾਂ ਨੇ ਉਸ ਦੇ ਮੋਬਾਇਲ ਤੇ ਫ਼ੋਨ ਕੀਤਾ ਪਰ ਗੱਲ ਨਾ ਹੋਈ। ਉਸ ਦਾ ਸਮਾਨ ਦੇਖਿਆ ਗਿਆ ਤਾਂ ਉਸੇ ਵਿੱਚ ਉਹ ਪੱਤਰ ਮਿਲਿਆ ਸੀ।

ਪੁਲੀਸ ਦਿਵਿਆ ਕੋਠਰੀ ਦੀ ਭਾਲ ਵਿੱਚ ਜੁਟ ਗਈ। ਉਸ ਬਾਰੇ ਜਾਣਕਾਰੀਆਂ ਪ੍ਰਾਪਤ ਕੀਤੀਆਂ ਤਾਂ ਪਤਾ ਲੱਗਿਆ ਕਿ ਉਹ ਚਾਰਟਡ ਅਕਾਊਟੈਂਸੀ ਕਰ ਰਿਹਾਸ ਪਰ ਸੀ. ਪੀ. ਟੀ. ਵਿੱਚ ਉਹ ਕਈ ਵਾਰ ਫ਼ੇਲ੍ਹ ਹੋ ਚੁੱਕਾ ਸੀ। ਉਸ ਨੂੰ ਇਸ ਤੋਂ ਚਿੰਤਾ ਸੀ। ਪੁਲੀਸ ਨੇ ਦਿਵਿਆ ਦੇ ਮੋਬਾਇਲ ਨੂੰ ਸਰਵਿਲਾਂਯ ਤੇ ਲਗਾਆ ਤਾਂ ਉਸ ਦੀ ਲੁਕੇਸ਼ਨ ਦੇਰ ਰਾਤ ਤੱਕ ਇਕ ਵੱਡੇ ਤਲਾਬ ਦੇ ਆਸ ਪਾਸ ਮਿਲਦੀ ਰਹੀ।

ਪੁਲੀਸ ਰਾਤ ਭਰ ਉਸ ਦੀ ਭਾਲ ਕਰਦੀ ਰਹੀ ਪਰ ਉਸ ਦਾ ਕੁਝ ਪਤਾ ਨਾ ਲੱਗਿਆ। ਅਗਲੇ ਦਿਨ ਯਾਨਿ 2 ਦਸੰਬਰ ਦੀ ਸਵੇਰ ਉਹ ਉਦੈਪੁਰ ਸ਼ਹਿਰ ਦੀ ਫ਼ਤਿਹਪੁਰਾ ਪੁਲੀਸ ਚੌਂਕੀ ਪਹੁੰਚਿਆ ਅਤੇ ਦੱਸਿਆ ਕਿ ਉਹ ਦਾ ਨਾਂ ਦਿਵਿਆ ਕੋਠਰੀ ਹੈ। ਚੌਂਕੀ ਪੁਲੀਸ ਨੇ ਉਸਨੂੰ ਗ੍ਰਿਫ਼ਤਾਰ ਕਰਕੇ ਥਾਣਾ ਸੁਖੇਰ ਪਹੁੰਚਾ ਦਿੱਤਾ।

ਥਾਣੇ ਵਿੱਚ ਉਹ ਅਜੀਬ ਗੱਲਾਂ ਕਰਦਾ ਰਿਹਾ। ਉਹ ਕਹਿੰਦਾ ਸੀ ਕਿ ਉਹ ਰੁਚਿਤਾ ਨੂੰ ਮਾਂ ਵਾਂਗ ਮੰਨਦਾ ਸੀ। ਪੱਤਰ ਦੇ ਬਾਰੇ ਉਸ ਦਾ ਕਹਿਣਾ ਸੀ ਕਿ ਪੁੱਛਗਿੱਛ ਦੇ ਡਰ ਕਾਰਨ ਉਸ ਨੇ ਪੁਲੀਸ ਨੂੰ ਉਹ ਪੱਤਰ ਲਿਖਿਆ ਸੀ। ਦਿਨ ਭਰ ਦੀ ਪੁੱਛਗਿੱਛ ਵਿੱਚ ਪੁਲੀਸ ਨੂੰ ਵਿਦਿਆ ਤੋਂ ਅਜਿਹੀ ਕੋਈ ਗੱਲ ਪਤਾ ਨਾ ਲੱਗੀ, ਜਿਸ ਤੋਂ ਹੱਤਿਆ ਬਾਰੇ ਕੁਝ ਪਤਾ ਲੱਗਦਾ।

ਅਗਲੇ ਦਿਨ ਰੁਚਿਤਾ ਦਾ ਮੋਬਾਇਲ ਉਦੈਪੁਰਦੇ ਸਾਇਰਾ ਦੇ ਇਕ ਮਜ਼ਦੂਰ ਕੋਲ ਮਿਲ ਗਿਆ। ਉਸ ਨੂੰ ਉਹ ਮੋਬਾਇਲ ਸੜਕ ਤੇ ਮਿਲਿਆ ਸੀ। ਪੁਲੀਸ ਨੇ ਰੁਚਿਤਾ ਦੇ ਮੋਬਾਇਲ ਨੰਬਰ ਦੀ ਕਾਲ ਡਿਟੇਲ ਕਢਵਾਈ ਪਰ ਉਸ ਤੋਂ ਕੋਈ ਸਬੂਤ ਨਾ ਮਿਲਿਆ। ਪੋਸਟ ਮਾਰਟਮ ਤੋਂ ਬਾਅਦ ਰੁਚਿਤਾ ਦੀ ਲਾਸ਼ ਉਸ ਦੇ ਪੇਕੇ ਵਾਲੇ ਅਜਮੇਰ ਲੈ ਕੇ ਚਲੇ ਗਏ ਅਤੇ ਉਥੇ ਹੀ ਉਸ ਦਾ ਅੰਤਿਮ ਸਸਕਾਰ ਕਰ ਦਿੱਤਾ। ਪੁਲੀਸ ਹਿਰਾਸਤ ਵਿੱਚ ਹੋਣ ਕਾਰਨ ਕ੍ਰਿਸ਼ਨ ਵੱਲਭ ਪਤਨੀ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਨਾ ਹੋ ਸਕਿਆ।

3 ਦਸੰਬਰ ਨੂੰ ਆਖਿਰ ਪੁਲੀਸ ਨੇ ਰੁਚਿਤਾ ਹੱਤਿਆ ਕਾਂਡ ਦਾ ਖੁਲਾਸਾ ਕਰ ਦਿੱਤਾ। ਪੁਲੀਸ ਨੇ ਦੱਸਿਆ ਕਿ ਰੁਚਿਤਾ ਦੀ ਹੱਤਿਆ ਦਿਵਿਆ ਨੇ ਕੀਤੀ ਹੈ। ਉਹ ਸਾਈਕੋਸਿਸ ਦਾ ਮਰੀਜ ਹੈ। ਉਸ ਨੇ ਇਹ ਹੱਤਿਆ ਇਸੇ ਬਿਮਾਰੀ ਦੇ ਦੌਰੇ ਦੌਰਾਨ ਕੀਤੀ। ਇਹ ਅਜਿਹੀ ਬਿਮਾਰੀ ਹੈ, ਜਿਸ ਦਾ ਦੌਰਾ ਪੈਣ ਤੇ ਉਹ ਆਪਣੀ ਮਾਂ ਦੀ ਹੱਤਿਆ ਵੀ ਕਰ ਸਕਦਾ ਸੀ।

ਥਾਣੇ ਵਿੱਚ ਜਦੋਂ ਦਿਵਿਆ ਦੇ ਘਰ ਵਾਲਿਆਂ ਨੂੰ ਬੁਲਾਇਆ ਤਾਂਉਹ ਮਾਂ ਨੂੰ ਮਿਲਣ ਤੋਂ ਬਾਅਦ ਉਸ ਦੀ ਗੋਦ ਵਿੱਚ ਸੌਂ ਗਿਆਸੀ। ਦਿਵਿਆ ਨੇ ਪੁਲੀਸ ਨੂੰ ਇਹ ਵੀ ਦੱਸਿਆ ਸੀ ਕਿ ਹੁਣ ਤੱਕ ਉਹ 8 ਵਾਰ ਖੁਦਕੁਸ਼ੀ ਦੀ ਕੋਸ਼ਿਸ਼ ਕਰ ਚੁੱਕਾ ਹੈ। ਪਰ ਅਗਲੇ ਦਿਨ 4 ਦਸੰਬਰ ਨੂੰ ਪੁਲੀਸ ਦੁਆਰਾ ਦਿਵਿਆ ਨੂੰ ਸਾਈਕੋਸਿਸ ਦੱਸਣ ਤੇ ਜਾਂਚ 'ਤੇ ਸਵਾਰ ਉਠ ਖੜ੍ਹੇ ਹੋਏ। ਇਸ ਤੋਂ ਬਾਅਦ ਪੁਲੀਸ ਨੇ ਕਿਹਾ ਕਿ ਦਿਵਿਆ ਪਾਗਲ ਨਹੀਂ ਹੈ, ਬਲਕਿ ਪਾਗਲ ਹੋਣ ਦਾ ਨਾਟਕ ਕਰ ਰਿਹਾ ਸੀ। ਜੇਕਰ ਉਹ ਪਾਗਲ ਹੁੰਦਾ ਤਾਂ ਸੀ. ਏ. ਦੀ ਪੜ੍ਹਾਈ ਕਿਵੇਂ ਕਰਦਾ। ਪੁਲੀਸ ਨੇ ਵਿਦਿਆ ਨੂੰ ਉਸੇ ਦਿਨ ਅਦਾਲਤ ਵਿੱਚ ਪੇਸ਼ ਕਰਕੇ 8 ਦਸੰਬਰ ਤੱਕ ਪੁਲੀਸ ਰਿਮਾਂਡ ਤੇ ਲੈ ਲਿਆ।

5 ਦਸੰਬਰ ਨੂੰ ਉਦੈਪੁਰ ਬਾਰ ਐਸੋਸਏਸ਼ਨ ਦੇ ਪ੍ਰਧਾਨ ਭਰਤ ਜੋਸ਼ੀ ਅਤੇ ਉਪ ਪ੍ਰਧਾਨ ਗੋਪਾਲ ਸਿੰਘ ਚੌਹਾਨ ਦੀ ਅਗਵਾਈ ਵਿੱਚ ਵਕੀਲਾਂ ਦਾ ਇਕ ਸਮੂਹ ਐਸ. ਪੀ. ਨੂੰ ਮਿਲਿਆ। ਉਸ ਨੈ ਕਿਹਾ ਕਿ ਰੁਚਿਤਾ ਦੀ ਹੱਤਿਆ ਵਰਗੇ ਸੰਵੇਦਨਸ਼ੀਲ ਮਾਮਲੇ ਵਿੱਚ ਜਿਸ ਤਰ੍ਹਾਂ ਹੱਤਿਆਰੇ ਨੂੰ ਸਾਈਕੋਸਿਸ ਦੱਸ ਦਿੱਤਾ ਗਿਆ, ਇਸ ਤੇ ਸਵਾਲ ਖੜ੍ਹੇ ਹੋ ਰਹੇ ਹਨ। ਪੁਲੀਸ ਹੁਣ ਕਹਿ ਰਹੀ ਹੈ ਕਿ ਦਿਵਿਆ ਪਾਗਲ ਨਹੀਂ ਹੈ, ਉਹ ਤਾਂ ਨਾਟਕ ਕਰ ਰਿਹਾ ਸੀ।

ਪੁਲੀਸ ਤੇ ਵੀ ਸਵਾਲ ਉਠ ਰਹੇ ਸਨ। ਸਵਾਲ ਇਹ ਉਠਦਾ ਸੀ ਕਿ ਆਖਿਰ ਦਿਵਿਆ ਨੇ ਰੁਚਿਤਾ ਦੀ ਹੱਤਿਆ ਕਿਉਂ ਕੀਤੀ ਸੀ ? ਪੁਲੀਸ ਦੁਆਰਾ ਵਿਦਿਆ ਤੋਂ ਕੀਤੀ ਗਈ ਪੁੱਛਗਿੱਛ ਵਿੱਚ ਇਸ ਹੱਤਿਆਕਾਂਡ ਦੀ ਜੋ ਕਹਾਣੀ ਸਾਹਮਣੇ ਆਈ, ਉਹ ਇਸ ਪ੍ਰਕਾਰ ਸੀ-

ਕ੍ਰਿਸ਼ਨ ਵੱਲਭ ਗੁਪਤਾ ਕੋਟਾ ਦੇ ਰਾਮਪੁਰਾ ਦੇ ਰਹਿਣ ਵਾਲੇ ਐਸ. ਅਰ. ਗੁਪਤਾ ਦਾ ਮੁੰਡਾ ਸੀ ਅਤੇ ਰੁਚਿਤਾ ਉਰਫ਼ ਅਨੂ ਅਜਮੇਰ ਦੇ ਕੇਸਰਗੰਜ ਦੇ ਰਹਿਣ ਵਾਲੇ ਦੁਲੀਚੰਦ ਜੈਨ ਦੀ ਲੜਕੀ ਸੀ। ਦੋਵਾਂ ਨੇ 2003 ਵਿੱਚ ਲਵ ਮੈਰਿਜ ਕੀਤੀ ਅਤੇ ਫ਼ਿਰ ਉਦੈਪੁਰ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗੇ।

ਗੁਜ਼ਾਰੇ ਲਈ ਉਸ ਨੇ ਇਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰ ਲਈ। ਇਸ ਤੋਂ ਇਲਾਵਾਉਹ ਬੀ. ਐਸ. ਐਨ. ਐਲ. ਵਿੱਚ ਠੇਕੇਦਾਰੀ ਦੇ ਨਾਲ ਅਕਾਊਂਟਸ ਦਾ ਕੰਮ ਵੀ ਕਰਦਾ ਸੀ। ਕਮਾਈ ਤਾਂ ਉਸ ਨੂੰ ਗੁਜ਼ਾਰੇ ਜੋਗੀ ਹੋਣ ਲੱਗੀ। ਵਿਆਹ ਤੋਂ ਬਾਅਦ ਲੜਕੀ ਹੋਈ ਤਾਂ ਉਸ ਦਾ ਨਾਂ ਆਵਿਸ਼ੀ ਉਰਫ਼ ਤਨੂੰ ਰੱਖਿਆ ਜੋ 9 ਸਾਲ ਦੀ ਹੈ। ਇਸ ਤੋਂ ਸਾਲ ਬਾਅਦ ਬੇਟਾ ਅਰਨਵ ਉਰਫ਼ ਮਿਸ਼ੂ ਹੋਇਆ।

(ਬਾਕੀ ਸਫਾ 14 'ਤੇ)

# ਭਾਰਤੀ ਸਿਆਸਤ, ਅਵਾਮ ਅਤੇ ਡਿਜੀਟਲ ਦੁਨੀਆ

ਦਰਸ਼ਨ ਸਿੰਘ ਪੰਨੂ

ਲੋਕ ਸਭਾ, ਰਾਜ ਸਭਾ ਅਤੇ ਭਾਰਤ ਭਰ ਦੀਆਂ ਤਕਰੀਬਨ ਸਾਰੀਆਂ ਵਿਧਾਨ ਸਭਾ ਦੀਆਂ ਬੈਠਕਾਂ ਵਿੱਚ ਖੜਦੁੰਬ ਮਚਦਾ ਤਾਂ ਟੀਵੀ 'ਤੇ ਅਸੀਂ ਦੇਖਦੇ ਆ ਰਹੇ ਹਾਂ, ਰਹਿੰਦੀ-ਖੂੰਹਦੀ ਕਸਰ ਅਖ਼ਬਾਰਾਂ ਵਿੱਚ ਨਿਕਲ ਜਾਂਦੀ ਹੈ। ਲੋਕ ਸਭਾ ਦੇ ਬਜਟ ਸੈਸ਼ਨ ਵਿੱਚ ਵਿਰੋਧੀ ਧਿਰ ਵਿੱਚੋਂ ਕਿਸੇ ਨੇ ਵੀ ਕੋਈ ਹਿੱਸਾ ਨਹੀਂ ਪਾਇਆ; ਭਾਵ ਬਿਨਾਂ ਕਿਸੇ ਬਹਿਸ ਤੋਂ ਮੁਲਕ ਦਾ ਬਜਟ ਪਾਸ ਕਰ ਦਿੱਤਾ ਗਿਆ। ਇਸੇ ਹੀ ਤਰ੍ਹਾਂ ਪੰਜਾਬ ਦੇ ਬਜਟ ਦਾ ਹਾਲ ਹੋਇਆ। ਨਾ ਆਮ ਆਦਮੀ ਪਾਰਟੀ ਅਤੇ ਨਾ ਹੀ ਅਕਾਲੀ-ਭਾਜਪਾ ਗੱਠਜੋੜ ਨੇ ਇਸ ਵਿੱਚ ਆਪਣਾ ਕੋਈ ਹਿੱਸਾ ਪਾਇਆ; ਸਗੋਂ ਦੋਹਾਂ ਪਾਰਟੀਆਂ ਨੇ ਵਾਕਆਊਟ ਕਰ ਦਿੱਤਾ। ਇਸੇ ਰਜ਼ਾ ਨਾਲ ਚੱਲ ਰਿਹਾ ਹੈ ਭਾਰਤ ਦਾ ਲੋਕਤੰਤਰ। ਔਕਸਫੈਮ ਨੇ ਹਾਲ ਹੀ ਵਿੱਚ ਭਾਰਤ ਦਾ ਹਾਲ ਇਹ ਦਰਸਾਇਆ ਹੈ ਕਿ 2017 ਵਿੱਚ ਪੈਦਾ ਹੋਈ 73 ਫੀਸਦ ਦੌਲਤ ਸਿਰਫ਼ ਇੱਕ ਫੀਸਦ ਅਮੀਰਾਂ ਦੀਆਂ ਜੇਬ੍ਹਾਂ ਅੰਦਰ ਚਲੀ ਗਈ। ਇਸ ਦਾ ਭਾਵ ਭਾਰਤ ਵਿੱਚ ਗਰੀਬ ਹੋਰ ਗਰੀਬ ਹੋ ਰਿਹਾ ਅਤੇ ਅਮੀਰ ਹੋਰ ਅਮੀਰ। ਇਸ ਦਾ ਕਾਰਨ ਇਹ ਹੀ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਜੋ ਬਜਟ ਪਾਸ ਕੀਤੇ ਜਾਂਦੇ ਹਨ, ਉਹ ਜ਼ਿਆਦਾਤਰ ਅਮੀਰਾਂ ਦਾ ਪੱਖ ਹੀ ਪੂਰਦੇ ਹਨ।

ਭਾਰਤ ਦੀਆਂ ਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਦਾ ਪਹਿਲਾ ਅਖਾੜਾ ਤਾਂ ਸੰਸਦ ਅਤੇ ਵਿਧਾਨ ਸਭਾਵਾਂ ਹੀ ਹਨ ਪਰ ਹੁਣ ਇਨ੍ਹਾਂ ਪਾਰਟੀਆਂ ਨੇ ਇੱਕ ਹੋਰ ਅਖਾੜਾ ਲੱਭ ਲਿਆ ਹੈ, ਉਹ ਹੈ ਇੰਟਰਨੈੱਟ ਦਾ ਡਿਜੀਟਲ ਅਖਾੜਾ, ਜਿਸ ਵਿੱਚ ਵੱਖ ਵੱਖ ਐਪ, ਟਵਿੱਟਰ, ਫੇਸਬੁੱਕ, ਮੈਸੈਂਜਰ, ਵਟਸਐਪ ਅਤੇ ਵੱਖਰੀਆਂ ਵੱਖਰੀਆਂ ਨਿੱਜੀ ਐਪਸ ਜਿਨ੍ਹਾਂ ਦਾ ਸੰਚਾਰ ਤੁਰੰਤ ਦੁਨੀਆਂ ਭਰ ਵਿੱਚ ਹੋ ਜਾਂਦਾ ਹੈ, ਅਰਥਾਤ ਇਸ ਖੜਦੁੰਬ ਨੇ ਆਪਣਾ ਆਕਾਰ ਹੁਣ ਬਹੁਤ ਵਿਸ਼ਾਲ ਤੇ ਵਿਰਾਟ ਕਰ ਲਿਆ ਹੈ। ਹੁਣ ਤਾਂ ਇਹ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਚੁੱਕਿਆ ਹੈ ਕਿ 2014 ਦੀਆਂ ਚੋਣਾਂ ਵਿੱਚ ਭਾਜਪਾ ਨੇ ਜੁਮਲਿਆਂ ਦੀ ਵਰਖਾ ਕੀਤੀ ਸੀ। ਇਸ ਦਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਭਾਰਤ ਵਿੱਚ ਭ੍ਰਿਸ਼ਟਾਚਾਰ ਖ਼ਿਲਾਫ਼ ਜੋ ਰੋਹ ਅਤੇ ਰੋਸ, ਸਮਾਜ ਸੇਵੀ ਅੰਨਾ ਹਜ਼ਾਰੇ ਦੇ ਅੰਦੋਲਨ ਵਿੱਚੋਂ ਨਿਕਲਿਆ ਸੀ, ਉਸ ਨੂੰ ਪੂਰਨ ਤੌਰ 'ਤੇ ਵਰਤਿਆ ਗਿਆ ਸੀ। ਅੰਬਾਨੀ, ਅਡਾਨੀ ਅਤੇ ਭਾਰਤ ਦੇ ਹੋਰ ਧਨ-ਕੁਬੇਰਾਂ ਦੀ ਮਾਇਕ ਕ੍ਰਿਪਾ ਨਾਲ ਡਿਜੀਟਲ ਦੁਨੀਆਂ ਦੀ ਵਰਤੋਂ ਰੱਜ ਕੇ ਕੀਤੀ ਗਈ ਸੀ। ਭਾਰਤ ਦੇ ਜੋ ਲੋਕ ਫੇਸਬੁੱਕ, ਯੂ-ਟਿਊਬ, ਟਵਿੱਟਰ, ਵਟਸਐਪ ਆਦਿ ਸੋਸ਼ਲ ਮੀਡੀਆ ਵਰਤਦੇ ਸਨ, ਉਨ੍ਹਾਂ ਦੇ ਸਾਰੇ ਅੰਕੜਿਆਂ ਦੀ ਅਮਰੀਕਨ ਕੰਪਨੀਆਂ ਰਾਹੀਂ ਚੋਰੀ ਕਰ ਕੇ ਅਤੇ ਉਨ੍ਹਾਂ ਤੋਂ ਸਰਵੇਖਣ ਕਰਵਾ ਕੇ ਭਾਰਤੀਆਂ ਦੀ ਸਮੁੱਚੀ ਇੱਛਾ ਦਾ ਪਤਾ ਕਰਵਾ ਲਿਆ ਗਿਆ। ਅਮਰੀਕਨ ਕੰਪਨੀਆਂ ਨੇ ਇਸ ਦਾ ਨਿਚੋੜ ਕੱਢ ਕੇ 'ਕੀ ਕਰਨਾ ਹੈ' ਵਾਲਾ ਵਿਸਥਾਰ ਭਾਜਪਾ ਨੂੰ ਦਿੱਤਾ ਸੀ, ਜਿਸ ਵਿੱਚੋਂ ਉਸ ਵੇਲੇ ਦੇ ਜੁਮਲਿਆਂ ਦੀ ਕਾਢ ਕੱਢੀ ਗਈ। ਇਸ ਆਧਾਰ ਉੱਤੇ ਭਾਜਪਾ ਨੇ ਆਪਣੇ ਰਾਜ ਦੇ ਸ਼ੁਰੂ ਵਿੱਚ ਹੀ ਇਹ ਖਾਸ ਏਜੰਡਾ ਲਾਗੂ ਕਰਨ ਦਾ ਟੀਚਾ ਰੱਖ ਦਿੱਤਾ ਸੀ ਕਿ ਭਾਰਤ ਨੂੰ ਪੂਰਨ ਤੌਰ 'ਤੇ ਡਿਜੀਟਲ ਬਣਾ ਦੇਣਾ ਹੈ ਤਾਂ ਕਿ ਇਸ ਦੀ ਵਰਤੋਂ ਕਰ ਕੇ 2019 ਦੀਆਂ ਚੋਣਾਂ ਵਿੱਚ ਵੀ ਜਿੱਤ ਹਥਿਆ ਲਈ ਜਾਵੇ, ਪਰ ਹੁਣ ਅੱਜ ਦੀ ਤਾਰੀਖ਼ ਵਿੱਚ ਇਹ ਡਿਜੀਟਲ ਤਰਕੀਬ ਇਕਤਰਫਾ ਨਹੀਂ ਰਹੀ। ਹੁਣ ਵਿਰੋਧੀ ਪਾਰਟੀਆਂ ਵੀ ਇਸ ਡਿਜੀਟਲ ਅਖਾੜੇ ਵਿੱਚ ਉਸੇ ਜ਼ੋਰ ਨਾਲ ਉੱਤਰ ਆਈਆਂ ਹਨ। ਹੁਣ ਦੇਖਣਾ ਇਹ ਹੈ ਕਿ ਇਸ ਸਮੁੱਚੀ ਜੱਦੋਜਹਿਦ ਵਿੱਚ ਕੌਣ, ਕਿਵੇਂ ਨਿੱਤਰਤਾ ਹੈ ? ਇਸ ਸੂਰਤ ਵਿੱਚ ਇਹ ਸਵਾਲ ਉੱਠਣਾ ਵਾਜਬ ਹੈ ਕਿ ਭਾਰਤੀ ਲੋਕਤੰਤਰ ਦਾ ਰੂਪ ਕਿਸ ਤਰ੍ਹਾਂ ਦਾ ਬਣ ਰਿਹਾ ਹੈ ਅਤੇ ਇਸ ਦੀ ਅਗਾਂਹ ਸੰਭਾਵਨਾ ਕੀ ਹੈ ?

ਪਿਛਲੇ ਚਾਰ ਸਾਲਾਂ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਕਿਸੇ ਵੀ ਪਾਸੇ ਤੋਂ ਸਰਕਾਰ ਦੇ ਕੰਮਾਂ-ਕਾਰਾਂ ਵਿੱਚ ਆਈ ਦਿਸਦੀ ਨਹੀਂ, ਸਿਆਸਤ ਦਾ ਸਮੁੱਚਾ ਅਸਰ ਪਿਛਾਂਹ-ਖਿੱਚੂ ਹੈ, ਵਿਕਾਸ ਵੱਲ ਤਾਂ ਉੱਕਾ ਨਹੀਂ। ਅਸਲ ਵਿੱਚ, ਹੁਣ ਸਭ ਸਿਆਸੀ ਪਾਰਟੀ ਜੁਮਲਿਆਂ ਦੀ ਤਲਾਸ਼ ਵਿੱਚ ਹਨ, ਜਿਵੇਂ ਪਿਛਲੀਆਂ ਚੋਣਾਂ ਵਿੱਚ ਭਾਜਪਾ ਨੇ ਹਰ ਇਕ ਦੇ ਖਾਤੇ ਵਿੱਚ ਪੰਦਰਾਂ ਪੰਦਰਾਂ ਲੱਖ ਰੁਪਏ ਪਵਾਉਣ ਦਾ ਜੁਮਲਾ ਵਰਤਿਆ ਸੀ। ਹੁਣ ਇਨ੍ਹਾਂ ਰੁਪਈਆਂ ਬਾਰੇ ਗੱਲ ਕੋਈ ਵੀ ਨਹੀਂ ਕਰਦਾ। ਕੀ ਅਜਿਹੀਆਂ ਪਾਰਟੀਆਂ ਦੀਆਂ ਸਰਕਾਰਾਂ ਲੋਕਾਂ ਦਾ ਭਲਾ ਕਰ ਸਕਦੀਆਂ ਹਨ ? ਇਹ ਹੈ ਵੱਡਾ ਸਵਾਲ !

ਹੈਰਾਨੀ ਵਾਲੀ ਗੱਲ ਇਹ ਹੈ ਕਿ ਭਾਰਤ ਲਈ ਇਨ੍ਹਾਂ ਜੁਮਲਿਆਂ ਦੀ ਘਾੜਤ ਅਮਰੀਕਨਾਂ ਦੀਆਂ ਕੰਪਨੀਆਂ ਘੜਦੀਆਂ ਹਨ। ਇਹ ਕੰਪਨੀਆਂ ਭਾਰਤ ਦੇ ਲੋਕਾਂ ਲਈ ਫੇਸਬੁੱਕ, ਯੂ-ਟਿਊਬ, ਟਵਿੱਟਰ ਤੇ ਵਟਸਐਪ ਆਦਿ ਦਾ ਪ੍ਰਬੰਧ ਕਰਦੀਆਂ ਹਨ। ਇਸ ਦੀ ਵਰਤੋਂ ਕਰ ਕੇ ਹੀ 2014 ਦੀ ਚੋਣਾਂ ਵਿੱਚ ਭਾਜਪਾ ਨੇ ਜਿੱਤ ਪ੍ਰਾਪਤ ਕੀਤੀ ਸੀ। ਤੱਥ ਇਹ ਵੀ ਬੋਲਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ 2016 ਦੀਆਂ ਚੋਣਾਂ ਵਿੱਚ ਇਹੀ ਮਾਪਦੰਡ ਅਪਣਾਏ ਸਨ। ਇਸੇ ਆਧਾਰ 'ਤੇ ਇਸ ਜੁਮਲੇ ਦੀ ਖੋਜ ਹੋਈ ਸੀ- ਅਮਰੀਕਾ ਅਮਰੀਕਨਾਂ ਦਾ ਹੈ, ਬਾਹਰੋਂ ਆਏ ਵਿਦੇਸ਼ੀਆਂ ਦਾ ਨਹੀਂ। ਇਸ ਨਾਅਰੇ ਨੇ ਹੀ ਅਮਰੀਕਾ ਦੀਆ ਕੁਝ ਪ੍ਰਾਂਤਾਂ ਵਿੱਚ ਟਰੰਪ ਨੂੰ ਬਹੁਤ ਜ਼ਿਆਦਾ ਵੋਟਾਂ ਦਿਵਾਈਆਂ ਸਨ। ਇਸ ਨਾਅਰੇ ਦੀ ਪੈਦਾਇਸ਼ ਵੀ ਅਮਰੀਕਨਾਂ ਦੀਆਂ ਫੇਸਬੁੱਕਾਂ, ਯੂ-ਟਿਊਬ, ਟਵਿੱਟਰ ਅਤੇ ਵਟਸਐਪ ਵਾਲੇ ਤੱਥਾਂ ਦੀ ਚੋਰੀ ਦੇ ਆਧਾਰ 'ਤੇ ਹੀ ਹੋਈ ਸੀ। ਇਹ ਡਿਜੀਟਲ ਕਾਰੀਗਰੀ ਅਮਰੀਕਨਾਂ ਨੇ ਖ਼ੁਦ ਹੀ ਵਿਕਸਿਤ ਕੀਤੀ ਹੈ। ਹੁਣ ਇਹ ਹਰ ਪਾਸੇ, ਹਰ ਮੁਲਕ ਅੰਦਰ ਫੈਲ ਰਹੀ ਹੈ ਅਤੇ ਹਾਲਾਤ ਬੇਹੱਦ ਗੁੰਝਲਦਾਰ ਬਣ ਰਹੇ ਹਨ।ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਡਿਜੀਟਲ ਧੋਖਾਧੜੀ ਦਾ ਬਿੱਗ ਬੌਸ ਕਰਾਰ ਦਿੱਤਾ ਹੈ। ਉਸ ਮੁਤਾਬਕ ਨਮੋ ਐਪ ਸਰਕਾਰੀ ਐਪ ਹੈ, ਪਰ ਮੋਦੀ ਨੇ ਇਸ ਨੂੰ ਆਪਣੀ ਪਾਰਟੀ ਦੇ ਮੰਤਵ ਲਈ ਵਰਤਿਆ। ਹੁਣ ਇਸ ਦਾ ਪ੍ਰਤੱਖ ਰੂਪ ਵਿੱਚ ਖ਼ੁਲਾਸਾ ਹੋ ਚੁੱਕਾ ਹੈ ਕਿ ਭਾਰਤ ਸਰਕਾਰ ਦੀ ਨਮੋ ਐਪ ਦਾ ਸਾਰਾ ਕਾਰੋਬਾਰ ਅਮਰੀਕਨ ਕੰਪਨੀ ਕਰਦੀ ਹੈ ਜੋ 2013 ਵਿੱਚ ਭਾਰਤ ਮੂਲ ਦੇ ਅਮਰੀਕਨਾਂ ਨੇ ਕਲੈਵਰਟਾਪ ਨਾਮ ਥੱਲੇ ਖੋਲ੍ਹੀ ਸੀ। ਨਮੋ ਐਪ ਪੂਰਨ ਤੌਰ 'ਤੇ ਉਨ੍ਹਾਂ ਦੇ ਹੱਥ ਵਿੱਚ ਹੈ। ਮੰਨਿਆ ਜਾਂਦਾ ਹੈ ਕਿ ਇਹ ਕੰਪਨੀ ਭਾਜਪਾ ਦੀ ਰਜ਼ਾਮੰਦੀ ਨਾਲ ਹੀ ਖੋਲ੍ਹੀ ਗਈ ਸੀ ਅਤੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਨਮੋ ਐਪ ਦੇ ਸਾਰੇ ਅੰਕੜੇ ਇਸ ਕੰਪਨੀ ਦੀ ਮਲਕੀਅਤ ਹਨ। ਇਸ ਐਪ ਨੂੰ ਵਰਤਣ ਵਾਲੇ ਅਤੇ ਇਨ੍ਹਾਂ ਦੇ ਰਿਸ਼ਤੇਦਾਰ ਤੇ ਮਿੱਤਰਾਂ ਦੇ ਸਾਰੇ ਅੰਕੜੇ ਇਸ ਕੰਪਨੀ ਕੋਲ ਹਨ।

ਇਹ ਵੀ ਪ੍ਰਤੱਖ ਰੂਪ ਵਿੱਚ ਮੰਨਿਆ ਜਾ ਚੁੱਕਿਆ ਹੈ ਕਿ ਅਮਰੀਕਾ ਦੀ ਹੀ ਫੇਸਬੁੱਕ ਵਾਲੀ ਕੰਪਨੀ ਕੈਂਬ੍ਰਿਜ ਐਨਾਲਾਇਟਿਕਾ ਨੇ 5 ਕਰੋੜ ਫੇਸਬੁੱਕ ਵਰਤਦੇ ਵਿਅਕਤੀਆਂ ਦਾ ਡੇਟਾ ਲੀਕ ਕਰ ਦਿੱਤਾ ਸੀ। ਇਨ੍ਹਾਂ ਵਿੱਚੋਂ 2,70,000 ਲੋਕਾਂ ਜਿਨ੍ਹਾਂ ਦੇ ਨਿੱਜੀ ਅੰਕੜੇ ਕੰਪਨੀ ਕੋਲ ਸਨ, ਤੋਂ ਨਿੱਜੀ ਤੌਰ 'ਤੇ ਕੁਇਜ਼ ਰਾਹੀਂ ਸਰਵੇਖਣ ਕਰਵਾਇਆ ਸੀ, ਜਿਸ ਦਾ ਸਿੱਧਾ ਸਬੰਧ ਭਾਰਤ ਦੀਆਂ ਚੋਣਾਂ/ਵੋਟਾਂ ਨਾਲ ਸੀ। ਇਸ ਦਾ ਖੁਲਾਸਾ ਇੰਗਲੈਂਡ ਵਿੱਚ ਕੰਮ ਕਰਦੇ ਸ੍ਰੀ ਕ੍ਰਿਸਟੋਫਰ ਵਾਇਲੀ ਨੇ ਕੀਤਾ ਹੈ। ਉਨ੍ਹਾਂ ਮੰਨਿਆ ਕਿ ਉਹ ਅਮਰੀਕਾ ਵਿੱਚ ਖੁਦ ਇਸ ਫੇਸਬੁੱਕ ਕੰਪਨੀ ਕੈਂਬ੍ਰਿਜ ਐਨਾਲਾਇਟਿਕਾ ਵਿੱਚ ਕੰਮ ਕਰਦਾ ਸੀ। ਉੱਥੇ ਇਨ੍ਹਾਂ ਦੇ ਇਕ ਸਹਿਯੋਗੀ ਨੇ ਭਾਰਤ ਦੇ ਫੇਸਬੁੱਕ ਵਰਤਣ ਵਾਲੇ ਲੋਕਾਂ ਦਾ ਸਰਵੇਖਣ ਆਪ ਕੀਤਾ ਸੀ। ਇਸ ਆਧਾਰ 'ਤੇ ਹੀ ਉੱਥੋਂ ਦੇ ਲੋਕਾਂ ਦੀ ਅੰਦਰੂਨੀ ਮਨਸ਼ਾ ਦੀ ਜਾਣਕਾਰੀ ਭਾਰਤ ਦੀ ਸਬੰਧਤ ਪਾਰਟੀ ਨੂੰ ਦਿੱਤੀ ਗਈ ਸੀ। ਇਸ ਦੇ ਆਧਾਰ 'ਤੇ ਇਹ ਮੰਨਣਾ ਸੁਭਾਵਿਕ ਹੈ ਕਿ ਇਹ ਕਲੈਵਰਟਾਪ ਭਾਰਤ ਸਰਕਾਰ ਦੀ ਆਪਣੀ ਨਮੋ ਐਪ ਦਾ ਕੰਮ ਕਰਦੀ ਹੈ। ਉਹ 2019 ਦੀਆਂ ਚੋਣਾਂ ਵਿੱਚ ਵੀ ਆਪਣਾ ਯੋਗਦਾਨ ਭਾਜਪਾ ਦੇ ਹੱਕ ਵਿੱਚ ਜ਼ਰੂਰ ਪਾਵੇਗੀ। ਹੁਣ 4-5 ਸਾਲ ਵਿੱਚ ਤਾਂ ਇਹ ਕੰਪਨੀ ਦੁਨੀਆਂ ਭਰ ਦੇ ਡਿਜੀਟਲ ਕੰਮ-ਕਾਜ ਤੋਂ ਪੂਰੀ ਤਰ੍ਹਾਂ ਵਾਕਿਫ਼ ਹੋ ਗਈ ਹੋਵੇਗੀ। ਕਾਂਗਰਸ ਪਾਰਟੀ ਇਸ ਦਿਸ਼ਾ ਵਿੱਚ ਅਮਰੀਕਨ ਕੰਪਨੀਆਂ ਦੇ ਸਹਿਯੋਗ ਨਾਲ ਭਾਰਤ ਵਾਸੀਆਂ ਦਾ ਸਬੰਧਤ ਡੇਟਾ ਚੋਰੀ ਕਰਵਾ ਕੇ 2019 ਦੀਆਂ ਚੋਣਾਂ ਲਈ ਹੱਥ-ਕੰਡੇ ਜ਼ਰੂਰ ਤਿਆਰ ਕਰੇਗੀ। ਹੁਣ ਭਾਰਤ ਦੀਆਂ ਮੁੱਖ ਪਾਰਟੀਆਂ ਡਿਜੀਟਲ ਧੋਖੇਬਾਜ਼ੀ ਕਰਨ ਲਈ ਨਿਪੁੰਨ ਬਣਨ ਲਈ ਟਿੱਲ ਲਾ ਰਹੀਆਂ ਹਨ। ਦੇਖੀਏ, 2019 ਦੀਆਂ ਚੋਣਾਂ ਵਿੱਚ ਊਠ ਕਿਸ ਕਰਵਟ ਬੈਠਦਾ ਹੈ

614-795-3747 (**ਅਮਰੀਕਾ**)

# ਬੱਚਿਆਂ ਵਿੱਚ ਵਧ ਰਹੀ ਮਾਯੂਸੀ ਤੇ ਮਾਪੇ

ਕਿਸੇ ਵੀ ਪਰਿਵਾਰ, ਸਮਾਜ ਅਤੇ ਦੇਸ਼ ਦਾ ਉਜਲਾ ਭਵਿੱਖ ਉੱਥੋਂ ਦੇ ਬੱਚਿਆਂ ਦੀ ਸ਼ਖ਼ਸੀਅਤ ਉਸਾਰੀ 'ਤੇ ਨਿਰਭਰ ਕਰਦਾ ਹੈ। ਬੱਚੇ ਕਿਸੇ ਪਰਿਵਾਰ, ਸਮਾਜ ਅਤੇ ਦੇਸ਼ ਦੀ ਸ਼ਕਤੀ ਉਦੋਂ ਹੀ ਬਣ ਸਕਦੇ ਹਨ ਜਦੋਂ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਸਹੀ ਹੋਈ ਹੋਵੇ। ਉਹ ਤਨੋਂ ਤੇ ਮਨੋਂ ਤੰਦਰੁਸਤ ਹੋਣ ਅਤੇ ਵਿਦਿਆ ਤੇ ਹੁਨਰ ਨਾਲ ਸ਼ਿੰਗਾਰੇ ਗਏ ਹੋਣ। ਜੇਕਰ ਚੌਗਿਰਦੇ ਵੱਲ ਝਾਤ ਮਾਰੀ ਜਾਵੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਬਹੁਗਿਣਤੀ ਬੱਚੇ ਤਨੋਂ ਤੇ ਮਨੋਂ ਕਮਜ਼ੋਰ ਹਨ। ਉਹ ਚੜ੍ਹਦੀ ਕਲਾ ਵਿੱਚ ਰਹਿਣ ਦੀ ਥਾਂ ਨਿਰਾਸ਼ਤਾ ਵਿੱਚ ਘਿਰ ਰਹੇ ਹਨ। ਬੱਚਿਆਂ ਦੀ ਸ਼ਖ਼ਸੀਅਤ ਉਸਾਰੀ ਵਿੱਚ ਮਾਪਿਆਂ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਆਰਥਿਕ ਮਜਬੂਰੀਆਂ ਅਤੇ ਆਧੁਨਿਕਤਾ ਦੇ ਪ੍ਰਭਾਵ ਕਰਕੇ ਸਾਂਝੇ ਪਰਿਵਾਰ ਟੁੱਟ ਰਹੇ ਹਨ। ਬੱਚਿਆਂ ਨੂੰ ਦਾਦਾ ਦਾਦੀ ਦਾ ਨਿੱਘ ਪ੍ਰਾਪਤ ਨਹੀਂ ਹੋ ਰਿਹਾ, ਨਾ ਹੀ ਉਨ੍ਹਾਂ ਨੂੰ ਗੌਰਵਮਈ ਵਿਰਸੇ ਦੀ ਜਾਣਕਾਰੀ ਮਿਲ ਰਹੀ ਹੈ। ਮਾਂ ਪਿਓ ਦੋਵੇਂ ਨੌਕਰੀ ਕਰਦੇ ਹਨ ਤੇ ਬੱਚਿਆਂ ਦੀ ਦੇਖਭਾਲ ਨੌਕਰਾਂ ਦੇ ਹਵਾਲੇ ਹੋ ਜਾਂਦੀ ਹੈ। ਬੱਚੇ ਦੇ ਸਕੂਲ ਜਾਣ ਸਮੇਂ ਵੀ ਮਾਪੇ ਘਰ ਨਹੀਂ ਹੁੰਦੇ ਤੇ ਸਕੂਲ ਤੋਂ ਵਾਪਸੀ ਉੱਤੇ ਵੀ ਉਸ ਨੂੰ ਇਕੱਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੀ ਇਕੱਲਤਾ ਨੂੰ ਦੂਰ ਕਰਨ ਲਈ ਉਹ ਟੀਵੀ ਅਤੇ ਇੰਟਰਨੈੱਟ ਦਾ ਸਹਾਰਾ ਲੈਂਦੇ ਹਨ। ਇਹ ਗੁਣਕਾਰੀ ਗਿਆਨ ਦੇ ਸਰੋਤ ਸਹੀ ਅਗਵਾਈ ਦੀ ਘਾਟ ਕਾਰਨ ਵਿਨਾਸ਼ਕਾਰੀ ਬਣ ਰਹੇ ਹਨ। ਜਿਹੜੇ ਮਾਪੇ ਛੋਟੇ ਬੱਚਿਆਂ ਨੂੰ ਕਰੈੱਚ ਵਿੱਚ ਛੱਡਦੇ ਹਨ, ਉਨ੍ਹਾਂ ਦੀ ਹਾਲਤ ਤਾਂ ਹੋਰ ਵੀ ਭੈੜੀ ਹੋ ਜਾਂਦੀ ਹੈ। ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ, ਉਨ੍ਹਾਂ ਦੀ ਸਹੀ ਅਗਵਾਈ ਕਰਨੀ, ਧਰਮੀ ਬਣਾਉਣਾ ਆਦਿ ਮਾਪਿਆਂ ਦੀ ਹੀ ਮੁੱਖ ਜ਼ਿੰਮੇਵਾਰੀ ਹੈ। ਮਾਪਿਆਂ ਨੂੰ ਉਨ੍ਹਾਂ ਦੇ ਫ਼ਰਜ਼ਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਦੀ ਕੁਤਾਹੀ ਨਾਲ ਹੋ ਰਹੇ ਵਿਨਾਸ਼ ਤੋਂ ਜਾਣੂ ਕਰਾਉਣਾ ਚਾਹੀਦਾ ਹੈ।ਮਾਪਿਆਂ ਵੱਲੋਂ ਕੀਤੀ ਜਾ ਰਹੀ ਅਣਗਹਿਲੀ ਕਾਰਨ ਬੱਚਿਆਂ ਅਤੇ ਮਾਪਿਆਂ ਵਿੱਚ ਦੂਰੀ ਵੱਧ ਰਹੀ ਹੈ। ਇਸ ਦਾ ਅਸਰ ਬੱਚਿਆਂ ਦੇ ਵਿਵਹਾਰ ਵਿੱਚੋਂ ਝਲਕਦਾ ਹੈ। ਹਮੇਸ਼ਾਂ ਸਕੂਲ ਤੇ ਟਿਊਸ਼ਨਾਂ ਦੇ ਚੱਕਰ ਵਿੱਚ ਬੱਚੇ ਖੇਡਾਂ ਅਤੇ ਰਚਨਾਤਮਕ ਗਤੀਵਿਧੀਆਂ ਤੋਂ ਦੂਰ ਹੋ ਰਹੇ ਹਨ। ਬੱਚਿਆਂ ਦਾ ਮਾਪਿਆਂ ਉੱਤੇ ਸਭ ਤੋਂ ਵੱਧ ਅਧਿਕਾਰ ਹੁੰਦਾ ਹੈ। ਇਸ ਹੱਕ ਕਰਕੇ ਮਾਪਿਆਂ ਨੂੰ ਆਪਣਾ ਵੱਧ ਤੋਂ ਵੱਧ ਸਮਾਂ ਬੱਚਿਆਂ ਨਾਲ ਗੁਜ਼ਾਰਨਾ ਚਾਹੀਦਾ ਹੈ। ਪਰ ਵੇਖਣ ਵਿੱਚ ਆਇਆ ਹੈ ਕਿ ਕੰਮਕਾਜੀ ਰੁਝੇਵਿਆਂ ਕਾਰਨ ਮਾਪੇ, ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਰਹੇ। ਸਮਾਂ ਨਾ ਹੋਣ ਦੀ ਘਾਟ ਨੂੰ ਪੂਰਾ ਕਰਨ ਲਈ ਮਾਪੇ ਬੱਚਿਆਂ ਦੇ ਜੇਬ ਖ਼ਰਚ ਵਿੱਚ ਵਾਧਾ ਕਰਦੇ ਹਨ, ਮਹਿੰਗੇ ਮੋਬਾਈਲ ਲੈ ਕੇ ਦਿੰਦੇ ਹਨ। ਬੱਚਿਆਂ ਨੂੰ ਮੋਬਾਈਲ ਜਾਂ ਮਹਿੰਗੇ ਚਾਕਲੇਟ ਦੀ ਨਹੀਂ ਸਗੋਂ ਮਾਪਿਆਂ ਦੇ ਪਿਆਰ ਅਤੇ ਸਾਥ ਦੀ ਲੋੜ ਹੈ। ਕਈ ਵਾਰ ਅਸੀਂ ਆਪਣੇ ਬੱਚਿਆਂ ਨਾਲ ਵਿਵਹਾਰ ਵਿੱਚ ਵੀ ਵਖਰੇਵਾਂ ਕਰਦੇ ਹਾਂ। ਬੇਲੋੜੀ ਰੋਕ ਟੋਕ, ਛੁਟਿਆਉਣਾ, ਮੂੰਹ ਬਣਾਉਣਾ ਆਦਿ ਬੱਚੇ ਵਿੱਚ ਘਟੀਆਪਣ ਦਾ ਅਹਿਸਾਸ ਭਰਨਾ ਸ਼ੁਰੂ ਕਰ ਦਿੰਦੇ ਹਨ। ਮੁਕਾਬਲੇ ਵਿੱਚ ਦੂਜੇ ਬੱਚੇ ਨੂੰ ਜਦੋਂ ਲੋੜੋਂ ਵੱਧ ਦੁਲਾਰਦੇ ਹਾਂ ਤਾਂ ਉਸ ਵਿੱਚ ਲੋੜੋਂ ਵੱਧ ਆਤਮਵਿਸ਼ਵਾਸ ਭਰਨਾ ਸ਼ੁਰੂ ਹੋ ਜਾਂਦਾ ਹੈ। ਵਿਕਾਸ ਲਈ ਦੋਵੇਂ ਸਥਿਤੀਆਂ ਘਾਤਕ ਹਨ। ਦੂਜੇ ਪਾਸੇ ਲੋੜੋਂ ਵੱਧ ਆਤਮਵਿਸ਼ਵਾਸ ਵੀ ਮਿਹਨਤ ਨਾ ਕਰਨ, ਕੁਝ ਨਵਾਂ ਨਾ ਸਿੱਖਣ ਅਤੇ ਆਪਣੇ ਆਪ ਨੂੰ ਵੱਖਰਾ ਸਮਝਣ ਵਰਗੀਆਂ ਆਦਤਾਂ ਵਿੱਚ ਵਾਧਾ ਕਰਦਾ ਹੈ। ਹੁਣ ਜ਼ਿਆਦਾਤਰ ਬੱਚੇ ਕੇਵਲ ਵੀਡੀਓ ਖੇਡਾਂ ਹੀ ਖੇਡਦੇ ਹਨ ਤਾਂ ਉਨ੍ਹਾਂ ਦੇ ਤਨ ਤੇ ਮਨ ਦਾ ਲੋੜੀਂਦਾ ਵਿਕਾਸ ਨਹੀਂ ਹੋ ਰਿਹਾ।

ਬੱਚਿਆਂ ਨੂੰ ਸਹੀ ਸੇਧ ਦੇਣ ਦਾ ਪਹਿਲਾ ਫ਼ਰਜ਼ ਮਾਪਿਆਂ ਦਾ ਬਣਦਾ ਹੈ। ਉਸ ਪਿੱਛੋਂ ਅਧਿਆਪਕਾਂ ਦੀ ਵਾਰੀ ਆਉਂਦੀ ਹੈ। ਇਹ ਦੋਵੇਂ ਸਰੋਤ ਕਮਜ਼ੋਰ ਹੋ ਰਹੇ ਹਨ ਤੇ ਇਹ ਕਮਜ਼ੋਰੀ ਨਵੀਂ ਪੀੜ੍ਹੀ ਲਈ ਘਾਤਕ ਸਿੱਧ ਹੋ ਰਹੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਕੁਝ ਸਮਾਂ ਜ਼ਰੂਰ ਬਿਤਾਉਣਾ ਚਾਹੀਦਾ ਹੈ। ਘੱਟੋ ਘੱਟ ਰਾਤ ਦੀ ਰੋਟੀ ਸਾਰੇ ਪਰਿਵਾਰ ਨੂੰ ਰਲ ਬੈਠ ਖਾਣੀ ਚਾਹੀਦੀ ਹੈ। ਉਸ ਸਮੇਂ ਬੱਚਿਆਂ ਨਾਲ ਦੋਸਤਾਂ ਵਾਂਗ ਗੱਲਾਂ ਕਰੋ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣੋ ਤੇ ਸੁਲਝਾਉਣ ਦਾ ਯਤਨ ਕਰੋ। ਬਿਨਾਂ ਮਤਲਬ ਬੱਚਿਆਂ ਨੂੰ ਝਿੜਕਦੇ ਰਹਿਣਾ ਠੀਕ ਨਹੀਂ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਛੁਟਿਆਉਣਾ ਨਹੀਂ ਚਾਹੀਦਾ ਸਗੋਂ ਭਵਿੱਖ ਵਿੱਚ ਇਸ ਤੋਂ ਵਧੀਆ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਬਰਾਬਰ ਦਾ ਪਿਆਰ ਅਤੇ ਦੁਲਾਰ ਕਰੀਏ। ਬੱਚਿਆਂ ਨਾਲ ਖੁੱਲ੍ਹ ਕੇ ਗੱਲਾਂ ਕਰੀਏ। ਕੋਸ਼ਿਸ਼ ਕੀਤੀ ਜਾਵੇ ਕਿ ਬੱਚੇ ਆਪਣੇ ਬਜ਼ੁਰਗਾਂ ਭਾਵ ਦਾਦਾ ਦਾਦੀ ਤੇ ਨਾਨਾ ਨਾਨੀ ਨਾਲ ਨੇੜਤਾ ਬਣਾਉਣ। ਜੇਕਰ ਬੱਚੇ ਕੋਈ ਗ਼ਲਤੀ ਕਰਨ ਤਾਂ ਉਨ੍ਹਾਂ ਨੂੰ ਝਿੜਕਿਆ ਨਾ ਜਾਵੇ ਸਗੋਂ ਕਾਰਨਾਂ ਦੀ ਘੋਖ ਕੀਤੀ ਜਾਵੇ। ਉਨ੍ਹਾਂ ਦੀਆਂ ਰੁਚੀਆਂ ਦਾ ਸਤਿਕਾਰ ਕਰੀਏ ਤੇ ਫ਼ੈਸਲੇ ਜ਼ਬਰਦਸਤੀ ਲੱਦਣ ਤੋਂ ਗੁਰੇਜ਼ ਕਰੀਏ। ਮਹੀਨੇ ਵਿੱਚ ਇਕ ਦੋ ਵਾਰ ਬਾਹਰ ਘੁੰਮਣ ਫਿਰਨ ਵੀ ਜ਼ਰੂਰ ਜਾਣਾ ਚਾਹੀਦਾ ਹੈ। ਘਰ ਦੇ ਮਾਹੌਲ ਦਾ ਬੱਚਿਆਂ ਉੱਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਜੇਕਰ ਘਰ ਦਾ ਮਾਹੌਲ ਸੁਖਾਵਾਂ ਹੋਵੇਗਾ ਤਾਂ ਬੱਚਿਆਂ ਦੀ ਸ਼ਖ਼ਸੀਅਤ ਉਸਾਰੀ ਵੀ ਠੀਕ ਹੋਵੇਗੀ। ਮਾਪਿਆਂ ਨੂੰ ਚਾਹੀਦਾ ਹੈ ਕਿ ਘਰ ਵਿੱਚ ਹਮੇਸ਼ਾਂ ਪਿਆਰ ਭਰਿਆ ਮਾਹੌਲ ਸਿਰਜੀਏ, ਆਪਸ ਵਿੱਚ ਖੁੱਲ੍ਹ ਕੇ ਗੱਲਾਂ ਕਰੀਏ, ਹੱਸੀਏ ਤੇ ਹਸਾਈਏ, ਚੜ੍ਹਦੀ ਕਲਾ ਵਿੱਚ ਰਹੀਏ, ਚੰਗਾ ਸੋਚੀਏ ਤੇ ਚੰਗਾ ਬੋਲੀਏ। ਘਰ ਵਿੱਚ ਡਰ ਦਾ ਮਾਹੌਲ ਨਹੀਂ ਚਾਹੀਦਾ ਸਗੋਂ ਪਿਆਰ ਦਾ ਮਾਹੌਲ ਚਾਹੀਦਾ ਹੈ। ਡਰ, ਝਿੜਕਾਂ, ਗੁੱਸਾ, ਬੱਚੇ ਨੂੰ ਦੱਬੂ ਜਾਂ ਬਾਗ਼ੀ ਬਣਾ ਦਿੰਦੇ ਹਨ ਜਿਹੜਾ ਕਿ ਵਿਕਾਸ ਲਈ ਘਾਤਕ ਹੈ।

# ਵਿਦਿਆਰਥੀਆਂ ਦਾ ਆਪਣੇ ਅਧਿਆਪਕਾਂ ਪ੍ਰਤੀ ਘੱਟ ਰਿਹਾ ਸਤਿਕਾਰ

ਪਿਛਲੀ 13 ਮਾਰਚ ਨੂੰ ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਦੇ ਇੱਕ ਸਰਕਾਰੀ ਕਾਲਜ ਵਿੱਚ ਬੀ ਏ ਵਿੱਚ ਪੜ੍ਹਨ ਵਾਲੇ ਇੱਕ ਵਿਦਿਆਰਥੀ ਵਲੋਂ ਆਪਣੇ ਹੀ ਕਾਲਜ ਦੇ ਲੈਕਚਰਾਰ ਰਾਜੇਸ਼ ਮਲਿਕ ਦੀ ਗੋਲੀਆਂ ਮਾਰਕੇ ਸ਼ਰੇਆਮ ਕੀਤੀ ਗਈ ਹੱਤਿਆ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਦਿਨੋ-ਦਿਨ ਵਧ ਰਹੇ ਪਾੜੇ ਦੀ ਖਾਈ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਇਸ ਘਟਨਾ ਤੋਂ ਪਹਿਲਾ ਹਰਿਆਣਾ ਸੂਬੇ ਦੇ ਹੀ ਯੁਮਨਾਨਗਰ ਜ਼ਿਲ੍ਹੇ ਵਿੱਚ ਵੀ ਅਜਿਹੀ ਹੀ ਘਟਨਾ ਵਾਪਰ ਚੁੱਕੀ ਹੈ। ਇਹ ਇੱਕ ਜਾਂ ਦੋ ਅਜਿਹੀਆਂ ਘਟਨਾਵਾਂ ਨਹੀ ਪਿਛਲੇ ਕਈ ਸਾਲਾਂ ਤੋਂ ਅਨੇਕ ਅਜਿਹੀਆਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ ਜੋ ਇਹ ਦਰਸਾਉਦੀਆ ਹਨ ਕਿ ਵਿਦਿਆਰਥੀਆਂ ਵਿਚ ਹੁਣ ਆਪਣੇ ਅਧਿਆਪਕਾਂ ਪ੍ਰਤੀ ਪਹਿਲਾ ਵਾਲਾ ਸਤਿਕਾਰ ਨਹੀ ਰਹਿ ਗਿਆ। ਇਹ ਇੱਕ ਗੰਭੀਰ ਮਸਲਾ ਹੈ ਜਿਸਤੇ ਚਿੰਤਨ ਕਰਨ ਦੀ ਵੱਡੀ ਲੋੜ ਹੈ। ਆਖਿਰ ਉਹ ਕਿਹੜੇ ਅਜਿਹੇ ਕਾਰਨ ਹਨ ਜਿਨ੍ਹਾਂ ਕਾਰਨ ਅੱਜ ਦਾ ਵਿਦਿਆਰਥੀ ਵਰਗ ਐਨਾ ਹਤਾਸ਼ ਹੋਇਆ ਨਜ਼ਰ ਆ ਰਿਹਾ ਹੈ। ਅਜਿਹੀਆਂ ਘਟਨਾਵਾਂ ਅਕਸਰ ਉਸ ਸਮੇ ਵਾਪਰਦੀਆਂ ਹਨ ਜਦੋਂ ਵਿਦਿਆਰਥੀਆਂ ਵਲੋਂ ਕੋਈ ਗਲਤੀ ਕੀਤੀ ਜਾਦੀ ਹੈ ਅਤੇ ਅਧਿਆਪਕਾਂ ਵਲੋਂ ਇਸ ਬਦਲੇ ਵਿਦਿਆਰਥੀਆਂ ਨੂੰ ਸਮਝਾਉਣ ਦੇ ਯਤਨ ਕੀਤੇ ਜਾਦੇ ਹਨ ਜਾਂ ਕਲਾਸ ਰੂਮ ਵਿੱਚੋਂ ਕੁਝ ਸਮੇ ਲਈ ਬਾਹਰ ਕੱਢਿਆ ਜਾਦਾ ਹੈ। ਸ਼ਪੱਸਟ ਹੈ ਕਿ ਵਿਦਿਆਰਥੀਆਂ ਵਿੱਚ ਸ਼ਹਿਨਸੀਲਤਾ ਲਗਾਤਾਰ ਘੱਟ ਰਹੀ ਹੈ। ਇੱਕ ਸਮਾ ਅਜਿਹਾ ਵੀ ਸੀ ਜਦੋ ਅਧਿਆਪਕਾਂ ਦਾ ਵਿਦਿਆਰਥੀਆਂ ਵਿੱਚ ਐਨਾ ਭੈਅ ਹੁੰਦਾ ਸੀ ਕਿ ਵਿਦਿਆਰਥੀ ਆਪਣੇ ਸਕੂਲ ਅਧਿਆਪਕਾਂ ਦੇ ਸਾਹਮਣੇ ਬੋਲਣਾ ਤਾਂ ਦੂਰ ਦੀ ਗੱਲ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਵੀ ਨਹੀ ਸਨ ਕਰ ਸਕਦੇ। ਉਸ ਸਮੇ ਮਾਪਿਆਂ ਵਲੋਂ ਵੀ ਆਪਣੇ ਬੱਚਿਆਂ ਦਾ ਨਹੀ ਸਗੋਂ ਅਧਿਆਪਕਾ ਦਾ ਪੱਖ ਪੂਰਿਆ ਜਾਂਦਾ ਸੀ। ਬੱਚਿਆਂ ਦੇ ਮਾਪਿਆਂ ਵਲੋਂ ਸਕੂਲ ਅਧਿਆਪਕਾਂ ਨੂੰ ਇਹ ਖੁੱਲੀ ਛੂਟ ਹੁੰਦੀ ਸੀ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਵਿੱਚ ਕਮਜ਼ੋਰ ਨਾ ਹੋਣ ਚਾਹੇ ਉਨ੍ਹਾਂ ਨੂੰ ਕੋਈ ਵੀ ਸ਼ਜਾ ਦਿੱਤੀ ਜਾਵੇ। ਇਹ ਅਜਿਹਾ ਮਾਹੌਲ ਸੀ ਕਿ ਬੱਚੇ ਆਪਣੇ ਘਰ ਆ ਕੇ ਸਕੂਲ ਅਧਿਆਪਕਾਂ ਵਲੋਂ ਦਿੱਤੀ ਗਈ ਸ਼ਜਾ ਦਾ ਜ਼ਿਕਰ ਤੱਕ ਵੀ ਨਹੀ ਕਰਦੇ ਸਨ। ਖੁੱਲੀਆ ਅਤੇ ਸਿਹਤਮੰਦ ਖੁਰਾਕਾਂ ਖਾਣ ਅਤੇ ਖੁੱਲਾ ਹੱਸਣ- ਖੇਡਣ ਕਾਰਨ ਵੀ ਉਸ ਸਮੇ ਦੇ ਵਿਦਿਆਰਥੀ ਮਾਨਸਿਕ ਪਰੇਸ਼ਾਨੀਆਂ ਅਤੇ ਦਿਮਾਗੀ ਥਕਾਵਟ ਤੋਂ ਦੂਰ ਰਹਿੰਦੇ ਸਨ।

ਅੱਜ ਹਰ ਪਾਸੇ ਮਾਹੌਲ ਵਿੱਚ ਵੱਡੀ ਤਬਦੀਲੀ ਆ ਚੁੱਕੀ ਹੈ। ਅੱਜ ਦਾ ਵਿਦਿਆਰਥੀ ਮਾਨਸਿਕ ਤੌਰ ਤੇ ਪਰੇਸ਼ਾਨ ਅਤੇ ਥੱਕਿਆ ਹੋਇਆ ਪ੍ਰਤੀਤ ਹੋ ਰਿਹਾ ਹੈ। ਤਕਨੀਕੀ ਯੁੱਗ ਦੀ ਗਲਤ ਵਰਤੋਂ ਕਰਨ ਵਾਲੇ ਵਿਦਿਆਰਥੀ ਅੱਜ ਮਾਨਸਿਕ ਪਰੇਸ਼ਾਨੀਆਂ ਦੀ ਖੱਡ ਵਿੱਚ ਡਿੱਗੇ ਨਜ਼ਰ ਆ ਰਹੇ ਹਨ। ਅੱਜ ਦਾ ਵਿਦਿਆਰਥੀ ਪੜ੍ਹਾਈ ਵਿੱਚ ਘੱਟ ਅਤੇ ਇੰਟਰਨੈੱਟ ਤੇ ਆਪਣਾ ਸਮਾਂ ਵੱਧ ਗੁਜ਼ਾਰਦਾ ਹੈ। ਕਿਧਰੇ ਵੀ ਜਾਓ ਬੱਸਾਂ ਵਿੱਚ ਸਫ਼ਰ ਕਰਨ ਤੋਂ ਲੈ ਕੇ ਕਾਲਜ ਦੇ ਲਾਅਨ ਵਿੱਚ ਬੈਠਣ ਤੱਕ ਹਰ ਵਿਦਿਆਰਥੀ ਕੰਨਾਂ ਵਿੱਚ ਏਅਰਫੋਨ ਲਗਾਕੇ ਗਾਣੇ ਸੁਣਦਾ ਅਤੇ ਹਿੰਸਕ ਕਿਸਮ ਦੀਆ ਫ਼ਿਲਮਾਂ ਵੇਖਦਾ ਨਜ਼ਰ ਆ ਰਿਹਾ ਹੈ।

# ਪੰਜ ਤਾਰਾ ਹੋਟਲ ਬਣਦੇ ਜਾ ਰਹੇ ਹਸਪਤਾਲ



**ਪਿਛਲੇ ਕੁੱਝ ਸਮੇਂ ਤੋਂ ਮੱਧ ਅਤੇ ਉੱਚ ਸ਼੍ਰੇਣੀ ਦੇ ਨਿੱਜੀ ਨਰਸਿੰਗ ਹੋਮ ਅਤੇ ਨਿੱਜੀ ਹਸਪਤਾਲਾਂ ਤੋਂ ਲੈ ਕੇ ਵਿਸ਼ੇਸ਼ ਸਹੂਪਤਾਂ ਦੇਣ ਵਾਲੇ ਮਲਟੀ ਸਪੈਸ਼ਲਿਟੀ ਹਸਪਤਾਲਾਂ ਦਾ ਹੜ ਆਇਆ ਹੋਇਆ ਹੈ। ਦਿੱਲੀ, ਪੰਜਾਬ, ਹਰਿਆਣਾ, ਮਹਾਰਾਸ਼ਟਰ ਅਤੇ ਗੁਜਰਾਤ ਵਰਗੇ ਆਰਥਿਕ ਰੂਪ ਵਿੱਚ ਮਜਬੂਤ ਰਾਜਾਂ ਤੋਂ ਲੈ ਕੇ ਉੜੀਸਾ, ਬਿਹਾਰ ਅਤੇ ਬੰਗਾਲ ਵਰਗੇ ਘੱਟ ਵਿਕਸਿਤ ਰਾਜਾਂ ਵਿੱਚ ਵੀ ਅਜਿਹੇ ਬਹੁਸੁਵਿਧਾਵਾਂ ਉਪਲੱਬਧ ਕਰਵਾਉਣ ਵਾਲੇ ਹਸਪਤਾਲਾਂ ਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਵੇਖੀਆ ਜਾ**

ਹਸਪਤਾਲ ਜਿੱਥੇ ਰੋਗੀ ਇੱਕ ਭਰੋਸੇ ਦੇ ਨਾਲ ਜਾਂਦਾ ਹੈ, ਪਰ ਪੰਜ ਤਾਰਾ ਹੋਟਲਾਂ (ਫਾਈਵਸਟਾਰ ਹੋਟਲਾਂ) ਵਰਗੇ ਸੁਪਰ ਸਪੈਸ਼ਲਿਟੀ ਹਸਪਤਾਲਾਂ ਵਿੱਚ ਨਾ ਕੇਵਲ ਮਰੀਜਾਂ ਦਾ ਵਿਸ਼ਵਾਸ ਹੀ ਟੁੱਟ ਰਿਹਾ ਹੈ ਸਗੋਂ ਇਲਾਜ ਦੇ ਨਾਮ 'ਤੇ ਉਨ੍ਹਾਂ ਦੀ ਆਰਥਿਕ ਲੁੱਟ ਵੀ ਕੀਤੀ ਜਾ ਰਹੀ ਹੈ। ਜਿਉਂ-ਜਿਉਂ ਬਿਮਾਰੀਆਂ ਦੀ ਪਕੜ ਇਨਸਾਨ ਨੂੰ ਜਕੜ ਰਹੀ ਹੈ ਤਿਉਂ-ਤਿਉਂ ਇਨਸਾਨ ਇਨ੍ਹਾਂ ਵੱਡੇ ਹਸਪਤਲਾਂ ਵਿੱਚ ਬਲੀ ਦਾ ਬੱਕਰਾ ਬਣਨ ਲੱਗਿਆ ਹੈ। ਘਟੀਆ ਅਤੇ ਬਦਲਾਖੋਰੀ ਦੀ ਰਾਜਨੀਤੀ ਕਾਰਨ ਸਰਕਾਰੀ ਹਸਪਤਾਲਾਂ ਦੀ ਹਾਲਤ ਵਿੱਚ ਨਿਰੰਤਰ ਨਿਘਾਰ ਆ ਰਿਹਾ ਹੈ, ਅਤੇ ਇਸ ਸਥਿਤੀ ਵਿੱਚ ਲੋਕਾਂ ਕੋਲ ਇਨ੍ਹਾਂ ਵੱਡੇ-ਛੋਟੇ ਨਿਜੀ ਹਸਪਤਾਲਾਂ ਵਿੱਚ ਜਾਣ ਤੋਂ ਬਿਨਾਂ ਦੂਜਾ ਕੋਈ ਬਦਲ ਨਹੀਂ ਰਹਿ ਜਾਂਦਾ।

ਪਿਛਲੇ ਕੁੱਝ ਸਮੇਂ ਤੋਂ ਮੱਧ ਅਤੇ ਉੱਚ ਸ਼੍ਰੇਣੀ ਦੇ ਨਿੱਜੀ ਨਰਸਿੰਗ ਹੋਮ ਅਤੇ ਨਿੱਜੀ ਹਸਪਤਾਲਾਂ ਤੋਂ ਲੈ ਕੇ ਵਿਸ਼ੇਸ਼ ਸਹੂਪਤਾਂ ਦੇਣ ਵਾਲੇ ਮਲਟੀ ਸਪੈਸ਼ਲਿਟੀ ਹਸਪਤਾਲਾਂ ਦਾ ਹੜ ਆਇਆ ਹੋਇਆ ਹੈ। ਦਿੱਲੀ, ਪੰਜਾਬ, ਹਰਿਆਣਾ, ਮਹਾਰਾਸ਼ਟਰ ਅਤੇ ਗੁਜਰਾਤ ਵਰਗੇ ਆਰਥਿਕ ਰੂਪ ਵਿੱਚ ਮਜਬੂਤ ਰਾਜਾਂ ਤੋਂ ਲੈ ਕੇ ਉੜੀਸਾ, ਬਿਹਾਰ ਅਤੇ ਬੰਗਾਲ ਵਰਗੇ ਘੱਟ ਵਿਕਸਿਤ ਰਾਜਾਂ ਵਿੱਚ ਵੀ ਅਜਿਹੇ ਬਹੁਸੁਵਿਧਾਵਾਂ ਉਪਲੱਬਧ ਕਰਵਾਉਣ ਵਾਲੇ ਹਸਪਤਾਲਾਂ ਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਵੇਖੀਆ ਜਾ ਸਕਦੀਆਂ ਹਨ।

ਹਜਾਰਾਂ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤੇ ਜਾਣ ਵਾਲੇ ਇਨ੍ਹਾਂ ਹਸਪਤਲਾਂ ਨੂੰ ਸੰਚਾਲਿਤ ਕਰਨ ਵਾਲਾ ਵਿਅਕਤੀ ਜਾਂ ਇਨ੍ਹਾਂ ਨਾਲ ਸਬੰਧਤ ਗਰੁੱਪ ਕੋਈ ਸਧਾਰਨ ਵਿਅਕਤੀ ਜਾਂ ਗਰੁੱਪ ਨਹੀਂ ਹੁੰਦਾ, ਨਿਸ਼ਚਿਤ ਰੂਪ 'ਚ ਅਜਿਹੇ ਹਸਪਤਾਲਾਂ ਨੂੰ ਕੇਵਲ ਵੱਡੇ ਅਮੀਰ ਲੋਕਾਂ ਦੁਆਰਾ ਚਲਾਇਆ ਹੀ ਜਾਂਦਾ ਹੈ ਸਗੋਂ ਇਨ੍ਹਾਂ ਦੇ ਸਬੰਧ ਵੀ ਕਾਫ਼ੀ ਉੱਪਰ ਤੱਕ ਹੁੰਦੇ ਹਨ, ਇੰਨਾ ਹੀ ਨਹੀਂ ਵੱਡੇ- ਵੱਡੇ ਰਾਜ ਨੇਤਾਵਾਂ ਅਤੇ ਅਫਸਰਸ਼ਾਹੀ ਨਾਲ ਜੁੜੇ ਲੋਕਾਂ ਦਾ ਇਲਾਜ ਕਰਦੇ-ਕਰਦੇ ਆਮ ਮਰੀਜਾਂ ਦੀ ਪਰਵਾਹ ਕਰਨਾ ਜਾਂ ਨਾ ਕਰਨਾ ਅਜਿਹੇ ਹਸਪਤਾਲਾਂ ਲਈ ਕੋਈ ਮਾਅਇਨੇ ਨਹੀਂ ਰੱਖਦਾ।

ਇਨ੍ਹਾਂ ਵਿੱਚ ਇੱਕ ਹੀ ਛੱਤ ਹੇਠਾਂ ਕਿਸੇ ਵੀ ਮਰੀਜ ਦੇ ਹਰ ਕਿਸਮ ਦੇ ਰੋਗ ਦੀ ਜਾਂਚ-ਪੜਤਾਲ, ਉਸ ਨਾਲ ਸਬੰਧਤ ਹਰ ਕਿਸਮ ਦੇ ਮੈਡੀਕਲ ਟੈਸਟ ਅਤੇ ਹਰ ਪ੍ਰਕਾਰ ਦੇ ਅਪਰੇਸ਼ਨ ਦੀ ਸਹੂਲਤ ਉਪਲੱਬਧ ਰਹਿੰਦੀ ਹੈ। ਪੰਜ ਤਾਰਾ ਹੋਟਲਾਂ ਵਰਗੀਆਂ ਸੁਵਿਧਾਵਾਂ ਪ੍ਰਦਾਨ ਕਰਨ ਵਾਲੇ ਹਸਪਤਾਲਾਂ ਦਾ ਖਰਚ ਚੁੱਕਣਾ ਆਮ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੈ, ਅਜਿਹੇ ਹਸਪਤਾਲਾਂ ਵਿੱਚ ਛੋਟਾ ਅਪਰੇਸ਼ਨ ਅਤੇ ਮੱਧ ਸ਼੍ਰੇਣੀ ਰੋਗ ਦਾ ਇਲਾਜ ਵੀ ਲੱਖਾਂ ਰੁਪਏ ਵਿੱਚ ਹੁੰਦਾ ਹੈ।

ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਹਸਪਤਾਲਾਂ ਵਿੱਚੋਂ ਕਿਸੇ ਦਾ ਇਲਜ ਨਹੀਂ ਹੋਇਆ ਲੱਖਾਂ ਲੋਕ ਹੋਣਗੇ ਜੋ ਇਨ੍ਹਾਂ ਤੋਂ ਆਪਣਾ ਇਲਾਜ ਕਰਵਾ ਕੇ ਚੰਗੀ ਸਿਹਤ ਦਾ ਆਨੰਦ ਲੈ ਰਹੇ ਹੋਣਗੇ, ਪਰ ਜਦੋਂ ਉਨ੍ਹਾਂ ਮਰੀਜਾਂ ਦੁਆਰਾਂ ਕੀਤੇ ਖਰਚ ਬਾਰੇ ਪਤਾ ਲੱਗਦਾ ਹੈ ਤਾਂ ਮਹਿਸੂਸ ਹੁੰਦਾ ਹੈ ਕਿ ਇਹ ਮਰੀਜਾਂ ਨਾਲ ਸ਼ਰੇਆਮ ਲੁੱਟ ਹੀ ਨਹੀਂ ਸਗੋਂ ਡਕੈਤੀ ਕੀਤੀ ਜਾ ਰਹੀ ਹੈ। ਅਜਿਹੇ ਵੱਡੇ ਹਸਪਤਾਲਾਂ ਦੀ ਵੈਬਸਾਈਟ ਖੋਲ ਕੇ ਮਰੀਜਾਂ ਦੇ ਅਨੁਭਵ ਪੜਨ ਤੋਂ ਪਤਾ ਲੱਗਦਾ ਹੈ ਕਿ ਕਿਸ ਤਰਾਂ ਇਹ ਲੋਕ ਇਲਾਜ ਦੇ ਨਾਮ ਉੱਤੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਹੜੱਪ ਰਹੇ ਹਨ। ਬੇਸ਼ੱਕ ਕੁੱਝ ਲੋਕ ਅਜਿਹੇ ਹਸਪਤਾਲਾਂ ਵਿਚਲੀਆਂ ਸੁਵਿਧਾਵਾਂ ਅਤੇ ਸਟਾਫ ਦੇ ਵਿਵਹਾਰ ਦੀ ਤਾਰੀਫ ਵੀ ਕਰਦੇ ਹਨ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੱਖਾਂ ਰੁਪਏ ਖਰਚ ਕੇ ਜੇ ਇੱਕ ਵੀ ਮਰੀਜ ਹਸਪਤਾਲ ਤੋਂ ਨਕਾਰਤਮਕ ਵਿਚਾਰ ਲੈ ਕੇ ਜਾਂਦਾ ਹੈ ਤਾਂ ਅਜਿਹਾ ਕਿਉਂ ਹੈ ? ਇਹਨਾਂ ਹਸਪਤਾਲਾਂ ਵਿੱਚੋਂ ਨਿਰਾਸ਼ ਜਾਣ ਵਾਲਾ ਮਰੀਜ ਇੱਕ ਨਹੀਂ ਸਗੋਂ ਹਜਾਰਾਂ ਵਿੱਚ ਹਨ।

ਨਿੱਤ ਹੀ ਅਖਬਾਰਾਂ ਦੀਆਂ ਸੁਰਖੀਆ ਵਿੱਚ ਅਜਿਹੇ ਨਿੱਜੀ ਹਸਪਤਾਲਾਂ ਦੀਆਂ ਖਬਰਾਂ ਪੜਨ ਸੁਣਨ ਨੂੰ ਮਿਲਦੀਆਂ ਹਨ। ਕੁੱਝ ਦਿਨ ਪਹਿਲਾਂ ਸੋਸ਼ਲ ਮਡੀਆ ਉੱਤੇ ਦਿੱਲੀ ਦੇ ਇੱਕ ਮਰੀਜ ਨੇ ਇੱਕ ਵੱਡੇ ਹਸਪਤਾਲ ਵਿੱਚ ਕਰਵਾਏ ਇਲਾਜ ਦੇ ਅਨੁਭਵ ਸਾਂਝੇ ਕੀਤੇ ਸਨ, ਉਸ ਨੇ ਦੱਸਿਆ ਕਿ ਹਸਪਤਾਲ ਨੇ ਉਸ ਦੀ ਬਾਈਪਾਸ ਸਰਜਰੀ ਲਈ ਦੋ ਲੱਖ ਦੋ ਹਜਾਰ 'ਚ ਉਨ੍ਹਾਂ ਨਾਲ ਸੌਦਾ ਤੈਅ ਕੀਤਾ ਸੀ, ਸਰਜਰੀ ਤੋਂ ਬਾਅਦ ਮਰੀਜ ਅਤੇ ਉਸ ਦੇ ਘਰਵਾਲੇ ਇਲਾਜ ਤੋਂ ਸੰਤੁਸ਼ਟ ਨਹੀ ਸਨ, ਮਰੀਜ ਨੂੰ ਪੰਜ ਦਿਨ ਹੋਰ ਉੱਥੇ ਹੀ ਰੁਕਣਾ ਪਇਆ, ਪਰ ਸਹੀ ਇਲਾਜ ਨਾ ਹੁੰਦਾ ਵੇਖ ਕੇ ਮਰੀਜ ਦੇ ਘਰ ਵਾਲੇ ਉਸਨੂੰ ਕਿਸੇ ਹੋਰ ਹਸਪਤਾਲ ਵਿੱਚ ਲਿਜਾਉਣ ਬਾਰੇ ਸੋਚਣ ਲੱਗੇ, ਪਰ ਜਦੋਂ ਹਸਪਤਾਲ ਨੂੰ ਇਸ ਗੱਲ ਦੀ ਭਿਣਕ ਲੱਗੀ ਤਾਂ ਉਨ੍ਹਾਂ ਨੇ ਮਰੀਜ ਦੇ ਘਰਦਿਆਂ ਨੂੰ ਗਿਆਰਾਂ ਲੱਖ ਸੈਂਤੀ ਹਜਾਰ ਦਾ ਬਿੱਲ ਹੋਰ ਫੜਾ ਦਿੱਤਾ, ਮਰੀਜ ਦੇ ਅਨੁਸਾਰ ਉਸ ਤੋਂ ਕਿਸੇ ਬਾਹਰ ਹੋਰ ਹਸਪਤਾਲ ਦੇ ਡਾਕਟਰ ਨੂੰ ਬੁਲਾਉਣ (ਵਿਜਟ) ਦੇ ਪੈਸੇ ਮੰਗੇ ਗਏ, ਜੋ ਕਿ ਤਿੰਨ ਦਿਨਾਂ ਚ ਇੱਕ ਵਾਰ ਉਸ ਨੂੰ ਚੈੱਕ ਕਰਨ ਲਈ ਆਉਂਦਾ ਸੀ, ਪਰ ਹਸਪਤਾਲ ਨੇ ਡਾਕਟਰ ਦੇ ਦਿਨ 'ਚ ਦੋ ਵਾਰ ਆਉਣ ਦੇ ਪੈਸੇ ਲਗਾਏ ਸਨ, ਅਤੇ ਚਾਰ ਦਿਨ ਡਾਕਟਰ ਛੁੱਟੀ 'ਤੇ ਵੀ ਰਿਹਾ ਜਦ ਕਿ ਹਸਪਤਾਲ ਨੇ ਬਿੱਲ ਵਿੱਚ ਉਨ੍ਹਾਂ ਦਿਨਾਂ ਦੇ ਵੀ ਪੈਸੇ ਲਗਾਏ ਸਨ। ਪੱਚੀ ਹਜਾਰ ਦੀਆਂ ਦਵਾਈਆਂ ਦਾ ਬਿੱਲ ਅਲੱਗ ਤੋਂ ਸੀ, ਇਸ ਦੇ ਬਾਵਜੂਦ ਵੀ ਮਰੀਜ ਦਾ ਕਹਿਣਾ ਸੀ ਕਿ ਉਸ ਨੂੰ ਲੋੜ ਦੇ ਅਨੁਸਾਰ ਇਲਾਜ ਨਹੀਂ ਮਿਲ ਸਕਿਆ।

ਉਪਰੋਕਤ ਘਟਨਾ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਸ ਪ੍ਰਕਾਰ ਦੇ ਹਸਪਤਾਲ ਮਰੀਜਾਂ ਦੇ ਇਲਾਜ ਲਈ ਘੱਟ, ਉਨ੍ਹਾਂ ਨੂੰ ਲੁੱਟਣ ਕੰਗਾਲ ਕਰਨ ਲਈ ਜਿਆਦਾ ਖੋਲੇ ਹੋਏ ਹਨ। ਇੱਥੇ ਤਾਂ ਅਸੀਂ ਇੱਕ ਘਟਨਾ ਦਾ ਜਿਕਰ ਕੀਤਾ ਹੈ ਜਦ ਕਿ ਅਜਿਹੀਆਂ ਸੈਂਕੜੇ ਘਟਨਾਵਾਂ ਰੋਜਾਨਾ ਵਾਪਰਦੀਆਂ ਹਨ, ਅਤੇ ਹਜਾਰਾਂ ਘਟਨਾਵਾਂ ਤਾਂ ਅਜਿਹੀਆਂ ਵੀ ਹਨ ਜੋ ਮੀਡੀਆ ਵਿੱਚ ਆਉਂਦੀਆ ਹੀ ਨਹੀਂ।

**ਗੁਰਪ੍ਰੀਤ ਸਿੰਘ ਤੰਗੌਰੀ**

ਕੁੱਝ ਦਿਨ ਮਹੀਨੇ ਪਹਿਲਾਂ ਦਿੱਲੀ ਦੇ ਇੱਕ ਹਸਪਤਾਲ ਦੀ ਘਟਨਾ ਮੀਡੀਆ ਵਿੱਚ ਛਾਈ ਰਹੀ ਸੀ ਜਿੱਥੇ ਜੁੜਵਾਂ ਹੋਏ ਦੋਵੇਂ ਬੱਚਿਆਂ ਨੂੰ ਹਸਪਤਾਲ ਨੇ ਮ੍ਰਿਤਕ ਐਲਾਨ ਦਿੱਤਾ ਸੀ ਅਤੇ ਜਦੋਂ ਪਰਿਵਾਰ ਬੱਚਿਆਂ ਦੇ ਸ਼ਰੀਰ ਘਰ ਲੈ ਕੇ ਜਾ ਰਿਹਾ ਸੀ ਤਾਂ ਰਸਤੇ ਵਿੱਚ ਉਨ੍ਹਾਂ ਨੇ ਵੇਖਿਆ ਸੀ ਕਿ ਇੱਕ ਬੱਚਾ ਜਿਉਂਦਾ ਹੈ, ਜਿਸ ਨੂੰ ਬਾਅਦ ਵਿੱਚ ਹਸਪਤਾਲ ਵਿੱਚ ਕਈ ਦਿਨ ਇਲਾਜ ਲਈ ਰੱਖਿਆ ਗਿਆ, ਇਸ ਘਟਨਾ ਵਿੱਚ ਦਿੱਲੀ ਸਰਕਾਰ ਨੇ ਉਸ ਹਸਪਤਾਲ ਦਾ ਲਾਇਸੰਸ ਵੀ ਰੱਦ ਕਰ ਦਿੱਤਾ ਸੀ। ਇਹ ਗੱਲ ਤਾਂ ਮੀਡੀਆ ਵਿੱਚ ਆਉਣ ਕਰਕੇ ਸਰਕਾਰ ਤੱਕ ਪੁੱਜ ਗਈ ਨਹੀਂ ਆਮ ਬੰਦੇ ਦੀ ਸੁਣਵਾਈ ਕਿੱਥੇ ਹੁੰਦੀ ਹੈ ?

ਲੋਕਾਂ ਦਾ ਇਨ੍ਹਾਂ ਵੱਡੇ ਹਸਪਤਾਲਾਂ ਬਾਰੇ ਮੰਨਣਾ ਹੈ ਕਿ ਇੱਥੇ ਤਾਂ ਮੁਰਦਿਆਂ ਨੂੰ ਵੇਚ ਕੇ ਖਾਇਆ ਜਾਂਦਾ ਹੈ, ਭਾਵ ਕਿ ਮਰਨ ਤੋਂ ਵੀ ਕੁੱਝ ਦਿਨ ਉਸ ਨੂੰ ਵੈਂਟੀਲੇਟਰ 'ਤੇ ਰੱਖ ਕੇ ਨਕਲੀ ਸਾਂਹ ਰਾਹੀ ਘਰਦਿਆਂ ਨੂੰ ਦੂਰ ਤੋਂ ਵਿਖਾ ਦਿੱਤਾ ਜਾਂਦਾ ਹੈ ਕਿ ਸਾਂਹ ਚੱਲ ਰਹੇ ਨੇ, ਜਲਦੀ ਹੀ ਠੀਕ ਹੋਣ ਦੀ ਉਮੀਦ ਹੈ, ਅਤੇ ਕੁੱਝ ਦਿਨਾਂ ਬਾਅਦ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਜਾਂਦਾ ਹੈ, ਅਤੇ ਲੱਖਾਂ ਰੁਪਏ ਦੇ ਬਿੱਲ ਅਦਾ ਕਰਵਾ ਕੇ ਲਾਸ਼ ਦਿੱਤੀ ਜਾਂਦੀ ਹੈ, ਇਹ ਹਕੀਕਤ ਹੈ, ਬਹੁਤ ਸਾਰੇ ਲੋਕ ਇਸ ਕੌੜੇ ਸੱਚ ਦੇ ਅਨੁਭਵ ਵਿੱਚੋਂ ਲੰਘ ਵੀ ਚੁੱਕੇ ਹੋਣਗੇ।

ਵੱਡੇ ਹਸਪਤਾਲਾਂ ਦੀ ਇਸ਼ਤਿਹਾਰਬਾਜੀ ਵੀ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ ਹਾਲੀਵੁਡ, ਬਾਲੀਵੁਡ ਫਿਲਮਾਂ ਵਿੱਚ ਵਿੱਚ ਇਨ੍ਹਾਂ ਹਸਪਤਾਲਾਂ ਵਿੱਚ ਮਿਲਦੀਆਂ ਸਹੂਲਤਾਂ ਨੂੰ ਵਿਸ਼ਵ ਪੱਧਰ 'ਤੇ ਵਿਖਾਇਆ ਜਾਂਦਾ ਹੈ, ਵਿਦੇਸ਼ੀ ਅਖਬਾਰਾਂ, ਮੈਗਜੀਨਾਂ ਵਿੱਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਇਹ ਬਾਹਰ ਦੇ ਮਰੀਜਾਂ ਨੂੰ ਪ੍ਰਭਾਵਿਤ ਕਰਦੇ ਹਨ, ਇਹੀ ਕਾਰਨ ਹੈ ਪਾਕਿਸਤਾਨ , ਅਫਗਾਨਿਸਤਾਨ ,ਸ਼੍ਰੀਲੰਕਾ , ਬੰਗਲਾਦੇਸ਼ ਅਤੇ ਅਰਬ ਦੇਸ਼ਾਂ ਦੇ ਬਹੁਤ ਸਾਰੇ ਮਰੀਜ ਭਾਰਤ ਦੇ ਵੱਲ ਖਿੱਚੇ ਚਲੇ ਆਉਂਦੇ ਹਨ, ਅਤੇ ਇਹ ਹਸਪਤਾਲ ਇਨ੍ਹਾਂ ਬੇਵਸ ਮਰੀਜਾਂ ਦੀ ਮਜਬੂਰੀ ਦਾ ਨਾਜਾਇਜ ਫਾਇਦਾ ਉਠਾ ਕੇ ਉਨ੍ਹਾਂ ਤੋਂ ਮਨਚਾਹੇ ਪੈਸੇ ਵਸੂਲਦੇ ਹਨ।ਭਾਰਤ ਦਾ ਮੈਡੀਕਲ ਟੂਰਿਜਮ ਅਰਬ ਡਾਲਰ ਤੋਂ ਪਾਰ ਹੋ ਚੁੱਕਾ ਹੈ।ਬੇਸ਼ੱਕ ਇੱਹ ਗੱਲ ਦੇਸ਼ ਦੇ ਹਿੱਤ ਵਿੱਚ ਹੈ ਪਰ ਇਲਾਜ ਦੇ ਨਾਮ ਉੱਤੇ ਹੁੰਦੀ ਲੁੱਟ ਮਾਨਵਤਾ ਦੇ ਖਿਲਾਫ ਹੈ। ਗੈਰ-ਜਰੂਰੀ ਮੈਡੀਕਲ ਟੈਸਟ ਅਤੇ ਇਲਾਜ ਇਸ ਲੁੱਟ ਵਿੱਚ ਵੱਡੀ ਪੱਧਰ 'ਤੇ ਸ਼ਾਮਲ ਹਨ, ਅਤੇ ਤੁਸੀਂ ਕਿਸੇ ਛੋਟੇ ਤੋਂ ਛੋਟੇ ਹਸਪਤਾਲ 'ਚੋ ਇਲਾਜ ਕਰਵਾ ਲਵੋ, ਜੋ ਦਵਾਈ ਡਾਕਟਰ ਨੇ ਲਿਖੀ ਹੁੰਦੀ ਹੈ ਉਹ ਸਿਰਫ ਡਾਕਟਰ ਦੇ ਦੱਸੇ ਹੋਏ ਮੈਡਕੀਲ ਸਟੋਰ 'ਤੇ ਹੀ ਮਿਲਦੀ ਹੈ, ਇਸ ਦੇ ਪਿੱਛੇ ਹੀ ਮਰੀਜ ਦੀ ਲੁੱਟ ਲੁਕੀ ਹੋਈ ਹੈ, ਟੈਸਟਾਂ ਲਈ ਵੀ ਡਾਕਟਰਾਂ ਵੱਲੋਂ ਖਾਸ ਲੈਬੋਟਰੀਆਂ 'ਤੇ ਹੀ ਮਰੀਜਾਂ ਨੂੰ ਭੇਜਿਆ ਜਾਂਦਾ ਹੈ। ਜਿੱਥੋਂ ਮਰੀਜਾਂ ਦੀ ਲੁੱਟ ਤੋਂ ਬਾਅਦ ਸਭ ਨੂੰ ਆਪਣਾ -ਆਪਣਾ ਹਿੱਸਾ ਜਾਂਦਾ ਹੈ।

ਕਿਡਨੀਆਂ, ਹਾਰਟ, ਅਤੇ ਕੈਂਸਰ ਵਰਗੇ ਭਿਆਨਕ ਰੋਗਾਂ ਵਿੱਚ ਇਹ ਲੁੱਟ ਹੋਰ ਵੀ ਸੁਖਾਲੀ ਹੋ ਜਾਂਦੀ ਹੈ, ਮਰੀਜ ਦਾ ਪਰਿਵਾਰ ਕਿਸੇ ਵੀ ਕੀਮਤ 'ਤੇ ਮਰੀਜ ਨੂੰ ਬਚਾਉਣਾ ਚਾਹੁੰਦਾ ਹੈ ਅਤੇ ਇਹ ਗੱਲ ਇਨ੍ਹਾਂ ਹਸਪਤਾਲਾਂ ਲਈ ਬਹੁਤ ਫਾਇਦੇਮੰਦ ਸਾਬਿਤ ਹੁੰਦੀ ਹੈ। ਅੰਨੇਵਾਹ ਪੈਸੇ ਲੁੱਟੇ-ਵਸੂਲੇ ਜਾਂਦੇ ਹਨ।

ਸਰਕਾਰੀ ਹਸਪਤਾਲਾਂ ਵਿੱਚ ਵੀ ਭਾਂਵੇ ਇਲਾਜ ਮੁਫਤ ਹੈ, ਪਰ ਤੁਸੀਂ ਅਸੀਂ ਸਾਰੇ ਜਾਣਦੇ ਹਾਂ ਕਿ ਮੁਫਤ ਕੁੱਝ ਵੀ ਨਹੀਂ, ਬਹੁਤ ਸਾਰੇ ਸਰਕਾਰੀ ਡਾਕਟਰ ਵੀ ਆਪਣੇ ਨਿੱਜੀ ਹਸਪਤਾਲਾਂ ਵਿੱਚ ਮਰੀਜਾਂ ਨੂੰ ਇਲਾਜ ਲਈ ਪ੍ਰੇਰਿਤ ਕਰਦੇ ਹਨ, ਅਤੇ ਸਰਕਾਰੀ ਹਸਪਤਾਲਾਂ ਵਿੱਚ ਸਹੂਲਤਾਂ ਦੀ ਘਾਟ ਕਾਰਨ ਰੋਗੀਆਂ ਨੂੰ ਇਨ੍ਹਾਂ ਦੀ ਗੱਲ ਮੰਨਣੀ ਪੈਂਦੀ ਹੈ। ਸਰਕਾਰੀ ਡਾਕਟਰਾਂ ਵੱਲੋਂ ਲਿਖੀ ਦਵਾਈ ਵੀ ਜਿਆਦਾਤਰ ਬਾਹਰ ਤੋਂ ਖਰੀਦਣੀ ਪੈਂਦੀ ਹੈ, ਜਿੱਥੇ ਸਸਤੀ ਤੋਂ ਸਸਤੀ ਦਵਾਈ ਵੀ ਕਈਂ ਗੁਣਾ ਮਹਿੰਗੀ ਮਿਲਦੀ ਹੈ, ਐਮ ਆਰ ਪੀ ਦੇ ਚੱਕਰਵਿਊ 'ਚ ਫਸਿਆ ਮਰੀਜ ਕੁੱਝ ਨਹੀਂ ਕਰ ਪਾਉਂਦਾ, ਜਦ ਕਿ ਕਈ ਦਵਾਈਆਂ ਦੇ ਉੱਪਰ ਅੱਧੋ-ਅੱਧ ਦਾ ਡਿਸਕਾਊਂਟ ਵੀ ਹੁੰਦਾ ਹੈ, ਪਰ ਇਹ ਗੱਲਾਂ ਕਦੇ ਵੀ ਟੈਲੀਵੀਜਨ ਤੋਂ ਆਮ ਜਨਤਾ ਨੂੰ ਨਹੀਂ ਦੱਸੀਆਂ ਜਾਂਦੀਆਂ।

ਇਹ ਵਪਾਰ ਅੱਜ ਕਰੋੜਾਂ, ਅਰਬਾਂ 'ਚ ਪਹੁੰਚ ਚੁੱਕਾ ਹੈ, ਵਿਦੇਸ਼ੀ ਕੰਪਨੀਆਂ ਵੀ ਇਸ ਵਿੱਚ ਸ਼ੁਮਾਰ ਹਨ, ਅਜਿਹੇ ਹਸਪਤਾਲਾਂ ਨੂੰ, ਡਾਕਟਰਾਂ ਨੂੰ ਆਪੋ-ਆਪਣਾ ਹਿੱਸਾ ਜਾਂਦਾ ਹੈ। ਅਪਰੇਸ਼ਨ ਅਤੇ ਹੋਰ ਇਲਾਜ ਲਈ ਇਹ ਮਰੀਜ ਬਾਹਰ ਦੀਆਂ ਕੰਪਨੀਆਂ ਦੇ ਬਣੇ ਹੋਏ ਸਮਾਨ ਨੂੰ ਹੀ ਇਲਾਜ ਲਈ ਵਰਤਦੇ ਹਨ, ਕੁੱਲ ਮਿਲਾਕੇ ਕਿਹਾ ਜਾ ਸਕਦਾ ਹੈ ਕਿ ਇਸ ਬਹੁ-ਕਰੋੜੀ ਵਪਾਰ 'ਚ ਉੱਪਰ ਤੋਂ ਲੈ ਕੇ ਥੱਲੇ ਤੱਕ ਸਭ ਸਾਮਲ ਹਨ। ਅਜਿਹੇ ਵੱਡੇ ਹਸਪਤਾਲਾਂ ਦੇ ਸਲਾਨਾ ਪ੍ਰੋਗਰਾਮਾਂ ਜਾਂ ਉਦਘਾਨੀ ਸਮਾਰੋਹ ਵਿੱਚ ਜਦੋਂ ਦੇਸ਼ ਦੇ ਵੱਡੇ-ਵੱਡੇ ਨੇਤਾ ਜਾਂਦੇ ਹਨ ਤਾਂ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਸਰਕਾਰ ਇਨ੍ਹਾਂ ਹਸਪਤਾਲਾਂ ਦੀ ਮਨਮਾਨੀ ਨੂੰ ਨਕੇਲ ਪਾ ਸਕੇ।

ਸਿਹਤ ਸੇਵਾਵਾਂ ਵਿੱਚ ਨਿਜੀ ਖੇਤਰ ਦੀ ਭਾਗੀਦਾਰੀ ਦਾ ਸੰਸਾਰਿਕ ਔਸਤ ਚਾਲ੍ਹੀ ਫ਼ੀਸਦੀ ਹੈ, ਜਦੋਂ ਕਿ ਭਾਰਤ ਵਿੱਚ ਨਿਜੀ ਖੇਤਰ ਦੀ ਭਾਗੀਦਾਰੀ ਸੱਤਰ ਫ਼ੀਸਦੀ ਤੱਕ ਹੈ, ਭਾਰਤ ਵਿੱਚ ਸਰਕਾਰੀ ਸਿਹਤ ਤੰਤਰ ਉਤੇ ਭਾਰੀ ਬੋਝ ਹੈ, ਏਮਸ ਵਰਗੇ ਸੰਸਥਾਨ ਵਿੱਚ ਇੱਕ ਆਪਰੇਸ਼ਨ ਲਈ ਲੰਮੀ-ਲੰਮੀ ਲਾਈਨ ਲੱਗੀ ਰਹਿੰਦੀ ਹੈ, ਮਰੀਜਾਂ ਨੂੰ ਛੇ - ਛੇ ਮਹੀਨੇ ਤੱਕ ਦਾ ਇੰਤਜਾਰ ਕਰਾਇਆ ਜਾਂਦਾ ਹੈ, ਅਜਿਹੇ ਵਿੱਚ ਪ੍ਰਾਈਵੇਟ ਸੈਕਟਰ ਦੇ ਆਉਣ ਨਾਲ ਰਾਹਤ ਮਿਲੀ ਹੈ, ਲੋਕਾਂ ਨੂੰ ਹੁਣ ਗੰਭੀਰ ਇਲਾਜ ਲਈ ਇੰਤਜਾਰ ਨਹੀਂ ਕਰਨਾ ਪੈਂਦਾ, ਟਰਾਂਸਪਲਾਂਟੇਸ਼ਨ ਤੱਕ ਦੀ ਵਿਵਸਥਾ ਆਸਾਨੀ ਨਾਲ ਹੋ ਜਾਂਦੀ ਹੈ, ਨਿਜੀ ਖੇਤਰ ਦੇ ਆਉਣ ਨਾਲ ਵਿਸ਼ਵ ਪੱਧਰ ਤੇ ਤਕਨੀਕ ਉਪਲੱਬਧ ਹੋ ਗਈ ਹੈ, ਪਰੰਤੂ ਇਹਨਾਂ ਸਭ ਚੀਜਾਂ ਦਾ ਮਹੱਤਵ ਉਦੋਂ ਤੱਕ ਹੈ, ਜਦੋਂ ਤੱਕ ਕਿ ਪ੍ਰਾਈਵੇਟ ਸੈਕਟਰ ਦੇ ਪ੍ਰਤੀ ਸਮਾਜ ਦਾ ਭਰੋਸਾ ਬਣਿਆ ਰਹੇ, ਪਿਛਲੇ ਕੁੱਝ ਸਮੇਂ ਤੋਂ ਪ੍ਰਾਈਵੇਟ ਸੈਕਟਰ ਦੀ ਛਵੀ ਸਿਰਫ ਮੁਨਾਫੇ ਉਤੇ ਧਿਆਨ ਦੇਣ ਵਾਲੇ ਇੱਕ ਤੰਤਰ ਦੀ ਬਣ ਗਈ ਹੈ, ਅਤੇ ਮੁਨਾਫੇ ਲਈ ਇਹ ਹਸਪਤਾਲ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਅਜਿਹੇ ਹਸਪਤਾਲਾਂ ਦੁਆਰਾ ਕੀਤੀ ਜਾ ਰਹੀ ਲੁੱਟ ਅਤੇ ਡਕੈਤੀ ਕਦੋਂ ਤੱਕ ਚੱਲੇਗੀ ਇਹ ਕੁੱਝ ਵੀ ਨਹੀਂ ਕਿਹਾ ਜਾ ਸਕਦਾ। ਕਾਸ਼ ਅਜਿਹੇ ਡਾਕਟਰ ਅਤੇ ਹਸਪਤਾਲਾਂ ਦੇ ਚਲਾਉਣ ਵਾਲੇ ਆਪਣੀ ਅੰਤਰ ਆਤਮਾ ਦੀ ਅਵਾਜ ਸੁਣ ਲੈਣ।

**ਸੰਪਰਕ**-9872010560

# ਜਿਸਮ ਦੀ ਚਾਹਤ

ਚਾਰ ਪੈਸੇ ਹੋਏ ਤਾਂ ਉਸ ਨੇ ਭੂਪਾਲਪੁਰ ਦੇ ਲਕਸ਼ਮਣ ਵਾਟਿਕਾ ਦੇ ਕੋਲ ਆਰਬਿਟ 1 ਅਪਾਰਟਮੈਂਟ ਵਿੱਚ ਫ਼ਲੈਟ ਖਰੀਦ ਲਿਆ, ਜੋ 8ਵੀਂ ਮੰਜ਼ਿਲ ਤੇ ਸੀ। ਉਸ ਫ਼ਲੈਟ ਦੇ ਸਾਹਮਣੇ ਅਰਵਿੰਦ ਕੋਠਰੀ ਰਹਿੰਦਾ ਸੀ, ਜਿਸ ਦਾ ਮੁੰਡਾ ਦਿਵਿਆ ਕੋਠਰੀ ਹੈ। ਦੋਵੇਂ ਪਰਿਵਾਰਾਂ ਵਿੱਚ ਚੰਗਾ ਮੇਲ-ਜੋਲ ਵੀ ਸੀ। ਇਕ ਸਾਲ ਪਹਿਲਾਂ ਕ੍ਰਿਸ਼ਨ ਵੱਲਭ 8ਵੀਂ ਮੰਜ਼ਿਲ ਤੋ ਫ਼ਲੈਟ ਵੇਚ ਕੇ 7ਵੀਂ ਮੰਜ਼ਿਲ ਤੇ ਆ ਗਿਆ ਸੀ। ਇਸ ਤੋਂ ਇਲਾਵਾ ਉਸ ਨੇ ਇਕ ਪਲਾਟ ਵੀ ਖਰੀਦ ਲਿਆ ਸੀ।ਪਰ ਕੋਠਾਰੀ ਪਰਿਵਾਰ ਨਾਲ ਉਹਨਾਂ ਦਾ ਮੇਲ-ਜੋਲ ਬਣਿਆ ਰਿਹਾ। ਰੁਚਿਤਾ ਦੀ ਉਮਰ ਕਰੀਬ 35 ਸਾਲ ਸੀ ਪਰ ਕੱਦ ਕਾਠ ਵਿੱਚ ਉਹ ਆਕਰਸ਼ਕ ਸੀ। ਇਹੀ ਕਾਰਨ ਸੀ ਕਿ ਦਿਵਿਆ ਉਸ ਵੱਲ ਆਕਰਸ਼ਿਤ ਹੋ ਗਿਆ। ਉਹ ਮਨ ਹੀ ਮਨ ਵਿੱਚ ਉਸ ਨੂੰ ਹਾਸਲ ਕਰਨ ਦੇ ਸੁਪਨੇ ਲੈਣ ਲੱਗਿਆ। ਪਹਿਲੀ ਦਸੰਬਰ ਦੀ ਸਵੇਰ ਸਾਢੇ 8 ਵਜੇ ਦੇ ਕਰੀਬ ਕ੍ਰਿਸ਼ਨ ਵੱਲਭ ਕਾਲਜ ਦੇ ਲਈ ਫ਼ਲੈਟ ਤੋਂ ਨਿਕਲਿਆ ਤਾਂ ਦਿਵਿਆ ਨੇ ਉਸਦਾ ਪਿੱਛਾ ਕੀਤਾ ਤਾਂ ਜੋ ਪਤਾ ਲੱਗ ਸਕੇ ਕਿ ਉਹ ਕਿੱਥੇ ਜਾ ਰਿਹਾ ਹੈ। ਜਦੋਂ ਉਸਨੇ ਦੇਖਿਆ ਕਿ ਵੱਲਭ ਕਾਲਜ ਵਿੱਚ ਵੜ ਗਿਆ ਹੈ ਤਾਂ ਵਾਪਸ ਆ ਗਿਆ। ਪੌਣੇ 9 ਵਜੇ ਦੁੱਧ ਵਾਲਾ ਆਇਆ ਤਾਂ ਉਸ ਵਕਤ ਦਿਵਿਆ ਦੂਜੀ ਲਿਫ਼ਟ ਤੇ 7ਵੀਂ ਮੰਜ਼ਿਲ ਤੇ ਪਹੁੰਚਿਆ ਅਤੇ ਰੁਚਿਤਾ ਦੇ ਫ਼ਲੈਟ ਦਾ ਦਰਵਾਜ਼ਾ ਖੁੱਲ੍ਹਾ ਦੇਖ ਕੇ ਅੰਦਰ ਚਲਿਆ ਗਿਆ। ਰੁਚਿਤਾ ਉਸ ਵਕਤ ਦੁੱਧ ਗਰਮ ਕਰ ਰਹੀ ਸੀ। ਦਿਵਿਆ ਰੁਚਿਤਾ ਨਾਲ ਥੋੜ੍ਹੀ ਗੱਲਬਾਤ ਕਰਕੇ ਬੈਡਰੂਮ ਵਿੱਚ ਬੈਠ ਗਿਆ। ਇਸ ਤੋਂ ਬਾਅਦ ਉਸਨੇ ਟੀ. ਵੀ. ਦੀ ਆਵਾਜ਼ ਤੇਜ਼ ਕੀਤੀ ਅਤੇ ਰਸੋਈ ਵਿੱਚ ਜਾ ਕੇ ਰੁਚਿਤਾ ਨੂੰ ਪਿੱਛੇ ਤੋਂ ਪਕੜ ਲਿਆ। ਉਸ ਨਾਲ ਜਬਰਦਸਤੀ ਦੀ ਕੋਸ਼ਿਸ਼ ਕਰਨ ਲੱਗਿਆ। ਦਿਵਿਆ ਦੀ ਇਸ ਹਰਕਤ ਕਾਰਨ ਰੁਚਿਤਾ ਘਬਰਾਈ, ਬੇਟਾ ਇਹ ਕੀ ਕਰ ਰਹੇ ਹੋ ? ਪਰ ਦਿਵਿਆ ਨੇ ਉਸ ਦੀ ਨਾਂ ਮੰਨੀ ਅਤੇ ਰੁਚਿਤਾ ਦੇ ਕੱਪੜੇ ਫ਼ਾੜ ਦਿੱਤੇ। ਬਲਾਤਕਾਰ ਵਿਚਸਫ਼ਲ ਨਾ ਹੋਣ ਤੇ ਉਥੇ ਰੱਖੇ ਟੂਲ ਬਾਕਸ ਤੋਂ ਇਕ ਪਾਨਾ ਕੱਢ ਕੇ ਉਹ ਰੁਚਿਤਾ ਤੇ ਵਾਰ ਕਰਨ ਲੱਗਿਆ। ਇਸ ਤੋਂ ਇਲਾਵਾ ਰੁਚਿਤਾ ਦੇ ਵਾਲ ਪਕੜ ਕੇ ਉਸ ਦਾ ਸਿਰ ਦੀਵਾਰ ਨਾਲ ਮਾਰਿਆ, ਜਿਸ ਕਾਰਨ ਰੁਚਿਤਾ ਡਿੱਗ ਪਈ। ਇਸ ਤੋਂ ਬਾਅਦ ਉਹ ਉਸਨੂੰ ਘਸੀਟ ਕੇ ਸਟੋਰ ਰੂਮ ਵਿੱਚ ਲੈ ਗਿਆ ਅਤੇ ਉਸਨੂੰ ਉਦੋਂ ਤੱਕ ਮਾਰਦਾ ਰਿਹਾ, ਜਦੋਂ ਤੱਕ ਉਹ ਮਰ ਨਾ ਗਈ। ਰੁਚਿਤਾ ਦੀ ਹੱਤਿਆ ਕਰਨ ਦੌਰਾਨ ਦਿਵਿਆ ਦੇ ਕੱਪੜਿਆਂ ਤੇ ਖ਼ੂਨ ਲੱਗ ਗਿਆ, ਜਿਸ ਨੂੰ ਉਸ ਨੇ ਬਾਥਰੂਮ ਵਿੱਚ ਜਾ ਕੇ ਸਾਫ਼ ਕੀਤਾ ਅਤੇ ਸ਼ਾਵਰ ਰਿਹਾ। ਰੁਚਿਤਾ ਦਾ ਮੋਬਾਇਲ ਲੈ ਕੇ ਬਾਲਕੋਨੀ ਵਿੱਚ ਆਇਆ ।ਉਸ ਨੇ ਦੇਖਿਆ ਕਿ ਕੋਈ ਪੜੌਸੀ ਉਸਨੂੰ ਦੇਖ ਤਾਂ ਨਹੀਂ ਰਿਹਾ, ਬਾਹਰ ਕੋਈ ਨਾ ਦਿੱਸਿਆ ਤਾਂ ਰਿਮੋਟ ਨਾਲ ਟੀ.ਵੀ. ਬੰਦ ਕਰਕੇ ਉਹ ਆਪਣੇ ਫ਼ਲੈਟ ਵਿੱਚ ਚਲਾ ਗਿਆ। ਕੁਝ ਦੇਰ ਆਪਣੇ ਫ਼ਲੈਟ ਵਿੱਚ ਰੁਕ ਕੇ ਉਹ ਕਾਰ ਤੇ ਬਾਹਰ ਚਲਾ ਗਿਆ। ਵਾਪਸ ਆਇਆ ਤਾਂ ਰੁਚਿਤਾ ਦੀ ਹੱਤਿਆ ਦੀ ਸੂਚਨਾ ਪਾ ਕੇ ਪੁਲੀਸ ਆ ਗਈ। ਕੁਝ ਦੇਰ ਉਹ ਪੁਲੀਸ ਦੀ ਕਾਰਵਾਈ ਤੇ ਨਜ਼ਰ ਰੱਖਦਾ ਰਿਹਾ। ਉਸ ਤੋਂ ਬਾਅਦ ਆਪਣੇ ਫ਼ਲੈਟ ਵਿੱਚ ਆ ਗਿਅ ਅਤੇ ਪੱਤਰ ਲਿਖ ਕੇ ਇਕ ਬੈਗ ਵਿੱਚ ਕੁਝ ਕੱਪੜੇ ਅਤੇ ਹੋਰ ਸਮਾਨ ਨਾਲ ਰੁਚਿਤਾ ਦਾ ਮੋਬਾਇਲ ਰੱਖ ਕੇ ਮੋਟਰ ਸਾਈਕਲ ਤੇ ਚਲਾ ਗਿਆ। ਘਰ ਤੋਂ ਨਿਕਲਣ ਬਾਅਦ ਉਹ ਇੱਧਰ-ਉਧਰ ਘੁੰਮਦਾ ਰਿਹਾ। ਉਸ ਦਾ ਬੈਗ ਕੋਨੇ ਵਿੱਚ ਫ਼ਟਿਆਜਿਸ ਤੋਂ ਅੰਬੇਰੀ ਦੇ ਕੋਲ ਸਪੀਡ ਬ੍ਰੇਕਰ ਤੇ ਮੋਟਰ ਸਾਈਕਲ ਉਛਲਿਆ ਤਾਂ ਰੁਚਿਤਾ ਦਾ ਮੋਬਾਇਲ ਡਿੰਗ ਗਿਆ, ਜੋ ਇਕ ਮਜ਼ਦੂਰ ਨੂੰ ਮਿਲਿਆ। 2 ਦਸੰਬਰ ਨੂੰ ਪੁਲੀਸ ਨੇ ਸਰਵਿਲਾਂਸ ਦੇ ਜ਼ਰੀਏ ਉਸਨੂੰ ਬਰਾਮਦ ਕਰ ਲਿਆ ਸੀ। ਰੁਚਿਤਾ ਜਿਸ ਪੜੌਸੀ ਲੜਕੇ ਨੂੰ ਬੇਟਾ ਮੰਨਦੀਸੀ, ਉਸੇ ਨੇ ਉਸ ਦੀ ਇਜ਼ਤ ਤੇ ਹੱਥ ਹੀ ਨਹੀਂ ਪਾਇਆ ਬਲਕਿ ਵਿਰੋਧ ਕਰਨ ਤੇ ਜਾਨ ਵੀ ਲੈ ਲਈ। ਆਖਿਰ ਇਸ ਵਿੱਚ ਰੁਚਿਤਾ ਦੀ ਕੀ ਗਲਤੀ ਸੀ ? ਇਕ ਲੜਕੇ ਦੀ ਗੰਦੀ ਹਰਕਤ ਕਾਰਨ ਦੋ ਪਰਿਵਾਰ ਉਜੜ ਗਏ। 2 ਮਾਸੂਮ ਬੱਚੇ ਬਿਨਾਂ ਮਾਂ ਦੇ ਹੋ ਗਏ, ਰੁਚਿਤਾ ਦੇ ਬੱਚੇ ਨਾਨਕਿਆਂ ਦੇ ਕੋਲ ਹਨ।

# ਘਰ ਬੈਠਿਆਂ ਸ਼ੌਪਿੰਗ

## ਵਿਅੰਗ



ਬਲਰਾਜ ਸਿੰਘ

ਉਂਜ ਤਾਂ ਅਸੀਂ ਬਥੇਰੇ ਪੜ੍ਹੇ-ਗੁੜ੍ਹੇ ਹਾਂ, ਉਮਰ ਪੱਖੋਂ ਵੀ ਪਕੇਰੇ ਅੰਬ ਹਾਂ ਤੇ ਛੇਤੀ ਕੀਤਿਆਂ ਕਿਸੇ ਦੀਆਂ ਮੋਮੋਠੱਗਣੀਆਂ ਗੱਲਾਂ 'ਚ ਨਹੀਂ ਆਉਂਦੇ। ਪਰ ਕਹਿੰਦੇ ਹਨ ਜਦੋਂ ਕਿਸਮਤ ਮਾੜੀ ਹੋਵੇ ਤਾਂ ਊਠ 'ਤੇ ਬੈਠਿਆਂ ਨੂੰ ਵੀ ਕੁੱਤਾ ਚੱਕ ਵੱਢ ਜਾਂਦਾ ਹੈ। ਕੁਝ ਇਉਂ ਹੀ ਸਾਡੇ ਨਾਲ ਹੋਇਆ। ਅਸੀਂ ਪੁਰਾਣੀਆਂ ਫ਼ਿਲਮਾਂ ਦੇਖਣ ਦੇ ਸ਼ੌਕੀਨ ਹਾਂ ਤੇ ਅੱਜਕੱਲ੍ਹ ਸੇਵਾਮੁਕਤੀ ਤੋਂ ਬਾਅਦ ਦਾ ਆਪਣਾ ਵਿਹਲਾ ਸਮਾਂ ਰਾਜ ਕਪੂਰ, ਦੇਵ ਆਨੰਦ ਤੇ ਦਿਲੀਪ ਕੁਮਾਰ ਦੀਆਂ 'ਬਲੈਕ ਐਂਡ ਵ੍ਹਾਈਟ' ਫ਼ਿਲਮਾਂ ਦੇਖ ਕੇ ਗੁਜ਼ਾਰਦੇ ਹਾਂ। ਕਿਸੇ ਚੈਨਲ 'ਤੇ ਪੁਰਾਣੀ ਫ਼ਿਲਮ ਨਾ ਆਉਣ 'ਤੇ ਅਸੀਂ ਬਾਜ਼ਾਰ ਘੁੰਮਣ-ਫਿਰਨ ਚਲੇ ਜਾਂਦੇ ਹਾਂ। ਪਰ ਉਸ ਦਿਨ ਪਤਾ ਨਹੀਂ ਕੀ ਪੁੱਠੀ ਭੁਆਟਣੀ ਆਈ ਕਿ ਅਸੀਂ ਸਮਾਂ ਗੁਜ਼ਾਰਨ ਹਿਤ ਟੀ.ਵੀ. ਦੇ ਬਾਕੀ ਭਾਂਤ-ਭਾਂਤ ਦੇ ਚੈਨਲ ਵੀ ਦੇਖਣ ਲੱਗੇ। ਸੱਸ-ਨੂੰਹ ਦੇ ਝਗੜੇ, ਇੱਛਾਧਾਰੀ ਨਾਗਣ, ਬਰਫ਼ੀਲੇ ਰਿੱਛ ਤੇ ਅੰਗਰੇਜ਼ੀ ਫ਼ਿਲਮਾਂ ਦੀਆਂ ਗਿਟਮਿਟ ਕਰਦੀਆਂ ਮੇਮਾਂ ਵੀ ਸਾਡੀ ਬੋਰੀਅਤ ਦੂਰ ਨਾ ਕਰ ਸਕੀਆਂ। ਅਸੀਂ ਚੈਨਲ ਬਦਲ-ਬਦਲ ਕੇ ਕੁਝ ਨਵਾਂ ਲੱਭਣ ਦੀ ਕੋਸ਼ਿਸ਼ ਕਰਨ ਲੱਗੇ। ਸਾਡੀ ਮਾੜੀ ਕਿਸਮਤ ਨੂੰ ਘਰ ਬੈਠਿਆਂ ਸ਼ੌਪਿੰਗ ਦਾ ਮਜ਼ਾ ਦੇਣ ਵਾਲੇ ਚੈਨਲ ਸ਼ੁਰੂ ਹੋ ਗਏ। ਇੱਕ ਚੈਨਲ 'ਤੇ ਇੱਕ ਸੁਬਕ ਜਿਹੀ ਨੱਢੀ ਮਨਮੋਹਕ ਅੰਦਾਜ਼ 'ਚ ਪੰਜ ਮਿੰਟਾਂ 'ਚ ਗੋਰੇ ਕਰਨ ਵਾਲੀ ਕਰੀਮ ਦੇ ਸੋਹਲੇ ਗਾ ਰਹੀ ਸੀ। ਦੂਜੇ ਚੈਨਲ 'ਤੇ ਕੋਈ ਹੋਰ ਜਾਦੂਈ ਕੜਾਹੀ ਦੀਆਂ ਸਿਫ਼ਤਾਂ ਕਰ ਰਿਹਾ ਸੀ ਜਿਸ ਦੇ ਵਰਤਣ ਨਾਲ ਸਮੇਂ, ਪੈਸੇ ਤੇ ਤੇਲ ਦੀ ਬੇਸ਼ੁਮਾਰ ਬੱਚਤ ਹੁੰਦੀ ਸੀ। ਇਡਲੀ, ਸਾਂਬਰ ਤੇ ਡੋਸਾ ਮਿੰਟਾਂ ਸਕਿੰਟਾਂ 'ਚ ਤਿਆਰ ਕੀਤੇ ਜਾ ਸਕਦੇ ਸੀ। ਹੁਣ ਇਸ ਢਲਦੀ ਉਮਰ 'ਚ ਅਜਿਹੇ ਦੱਖਣ ਭਾਰਤੀ ਪਕਵਾਨ ਖਾ ਕੇ ਕਾਹਨੂੰ ਢਿੱਡ ਪੀੜ ਕਰਾਉਣੀ ਹੈ, ਸੋਚ ਕੇ ਅਸੀਂ ਅਗਲਾ ਚੈਨਲ ਲਾ ਲਿਆ ਜਿੱਥੇ ਇੱਕ ਸੁਨੱਖੀ ਮੁਟਿਆਰ ਕਿਸੇ ਉਦੈਪੁਰੀ ਰਜਾਈ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਰਹੀ ਸੀ। ਸੁੰਦਰ ਲਾਲ ਰਜਾਈ ਨੂੰ ਆਪਣੇ ਚਾਰੇ ਪਾਸੇ ਲਪੇਟ ਕੇ ਉਹ ਦਿਲਕਸ਼ ਅੰਦਾਜ਼ ਵਿੱਚ ਤੁਰੀ ਫਿਰਦੀ ਸੀ। ਬਿਲਕੁਲ ਹਵਾ 'ਚ ਉੱਡਦੀ, ਆਕਾਸ਼ੋਂ ਉੱਤਰੀ ਪਰੀ ਜਾਪਦੀ ਸੀ। ਰਜਾਈ ਨੂੰ ਪੱਕਾ ਨਗੰਦਣ ਤੇ ਰੰਗਣ ਦੇ ਵਿਦੇਸ਼ੀ ਢੰਗ-ਤਰੀਕਿਆਂ ਦਾ ਵੀ ਬੜਾ ਸਜੀਵ ਵਰਣਨ ਕੀਤਾ ਜਾ ਰਿਹਾ ਸੀ। ਇਸ ਨੂੰ ਉੱਪਰ ਲੈਣ ਨਾਲ ਸਾਡਾ ਮੋਢਿਆਂ ਤੇ ਗੋਡਿਆਂ ਦਾ ਦਰਦ ਵੀ ਛੂ-ਮੰਤਰ ਹੋ ਜਾਣਾ ਸੀ। ਸਾਡੇ ਲੱਖਾਂ ਰੁਪਏ ਬਚ ਜਾਣੇ ਸਨ। ਰਜਾਈ ਪੈਕ ਹੋ ਕੇ ਬਿਲਕੁਲ ਛੋਟੀ ਤੇ ਖੰਭ ਵਾਂਗ ਹਲਕੀ ਹੋ ਜਾਂਦੀ ਸੀ ਜਿਸ ਨੂੰ ਹੱਥ ਵਿੱਚ ਫੜ ਕੇ ਜਿੱਥੇ ਮਰਜ਼ੀ ਲਿਜਾਇਆ ਜਾ ਸਕਦਾ ਸੀ। ਰਜਾਈ ਦੇ ਚਾਰੇ ਪਾਸੇ ਛਪੇ ਹੋਏ ਹਾਥੀ ਤੇ ਊਠ [illegible] ਖਰੀਦਦਾਰਾਂ ਨੂੰ [illegible] ਰਾਜਸਥਾਨ ਦੇ ਸੂਰਬੀਰ ਮਹਾਰਾਜਿਆਂ ਤੇ ਯੋਧਿਆਂ ਦੀ ਯਾਦ ਦਿਵਾਉਣਗੇ। ਪੁਰਾਤਨ ਮਹਾਰਾਜਿਆਂ ਦੀ ਸੰਗਤ ਵਿੱਚ ਜ਼ਿੰਦਗੀ ਬਿਤਾਉਣ ਦਾ ਇਹ ਸੁਨਹਿਰੀ ਅਵਸਰ ਸੀ। ਦੇਸ਼ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਧਰੋਹਰ ਇਹ ਰਜਾਈ ਸਾਨੂੰ ਆਪਣੇ ਵਿਰਸੇ ਨਾਲ ਜੋੜੇਗੀ। ਇਹ ਸਾਡੇ ਵਿੱਚ ਮਹਾਰਾਣਾ ਪ੍ਰਤਾਪ ਵਰਗੀ ਵੀਰਤਾ, ਨਿਡਰਤਾ ਤੇ ਦੇਸ਼-ਪ੍ਰੇਮ ਦਾ ਸੰਚਾਰ ਕਰੇਗੀ। ਇਹੋ ਜਿਹੀਆਂ ਦੋ ਨਾਯਾਬ ਤੇ ਦਿਲਕਸ਼ ਰਜਾਈਆਂ ਦਾ ਮੁੱਲ ਸਿਰਫ਼ ਤੇ ਸਿਰਫ਼ 1399 ਰੁਪਏ ਸੀ। ਇਹ ਅਨੂਠੀ ਪੇਸ਼ਕਸ਼ ਸਿਰਫ਼ ਦੋ ਘੰਟਿਆਂ ਲਈ ਸੀ। ਜਿਹੜੇ ਜ਼ਹੀਨ ਲੋਕ ਇਸ ਨੂੰ ਖਰੀਦ ਲੈਣਗੇ, ਉਹ ਸੁੱਖ ਭੋਗਣਗੇ ਤੇ ਬਾਕੀ ਸਾਰੀ ਉਮਰ ਪਛਤਾਉਣਗੇ। ਅਸੀਂ ਆਪਣੇ ਆਪ ਨੂੰ ਖਰ ਦਿਮਾਗ ਨਹੀਂ ਸਗੋਂ ਜ਼ਹੀਨ ਸਾਬਤ ਕਰਨਾ ਚਾਹੁੰਦੇ ਸੀ। ਅਜਾਈਂ ਸਮਾਂ ਗੁਆਉਣਾ ਅਲਗਰਜ਼ੀ ਨਹੀਂ ਸਗੋਂ ਮੂਰਖਤਾ ਸੀ। ਆਪਣੇ ਵਿਰਸੇ ਨਾਲ ਜੁੜਨ ਦਾ ਅਜਿਹਾ ਮੌਕਾ ਗੁਆਉਣਾ ਤਾਂ ਦੇਸ਼ ਧ੍ਰੋਹ ਸਮਾਨ ਸੀ। ਸੋ ਅਸੀਂ ਝੱਟ ਹੀ ਆਪਣੇ ਮੋਬਾਈਲ ਫੋਨ ਤੋਂ ਦਿੱਤੇ ਫੋਨ ਨੰਬਰ 'ਤੇ ਸੰਪਰਕ ਕੀਤਾ। ਦੋ-ਚਾਰ ਮਿੰਟ ਕਤਾਰ 'ਚ ਲੱਗਣ ਬਾਅਦ ਸਾਡੀ ਇਸ ਕੰਪਨੀ ਦੇ ਅਧਿਕਾਰੀਆਂ ਨਾਲ ਗੱਲਬਾਤ ਸ਼ੁਰੂ ਹੋ ਗਈ। ਉਨ੍ਹਾਂ ਨੇ ਸਾਨੂੰ ਦੁਨੀਆਂ ਦੇ ਸਭ ਤੋਂ ਵੱਧ ਖ਼ੁਸ਼ਕਿਸਮਤ ਇਨਸਾਨ ਦੱਸਿਆ ਕਿਉਂਕਿ ਸਾਡੀ ਫੋਨ ਕਾਲ ਉਨ੍ਹਾਂ ਤਕ ਪਹੁੰਚ ਗਈ ਸੀ। ਅਸੀਂ ਸਿਆਣਪ ਦਿਖਾਉਂਦਿਆਂ ਰਜਾਈਆਂ ਦਾ ਆਰਡਰ ਦੇ ਕੇ ਆਪਣੀ ਜ਼ਿੰਦਗੀ ਸਦਾ ਲਈ ਸੁੱਖਾਂ ਲੱਧੀ ਬਣਾਈ ਸੀ। ਹੁਣ ਇਹ ਰਜਾਈਆਂ ਸਾਨੂੰ ਤੇ ਸਾਡੇ ਪਰਿਵਾਰ ਨੂੰ ਰਹਿੰਦੀ ਦੁਨੀਆਂ ਤਕ ਪਿਆਰ ਭਰਿਆ ਮਖ਼ਮਲੀ ਨਿੱਘ ਦੇਣਗੀਆਂ। ਅਸੀਂ ਮੇਵਾੜ ਦੇ ਰਾਜਿਆਂ ਵਾਂਗ ਸਦਾ ਹੀ ਚੜ੍ਹਦੀਕਲਾ 'ਚ ਰਹਾਂਗੇ ਤੇ ਪਰਿਵਾਰਕ ਤੇ ਦੇਸ਼ ਪ੍ਰੇਮ 'ਚ ਓਤ-ਪੋਤ ਰਹਾਂਗੇ। ਅਜਿਹੀਆਂ ਮਾਖਿਓਂ ਮਿੱਠੀਆਂ ਗੱਲਾਂ ਸਾਨੂੰ ਕਿਸੇ ਸੁਪਨ ਸੰਸਾਰ 'ਚ ਲਿਜਾ ਰਹੀਆਂ ਸਨ ਜਿੱਥੇ ਕੋਈ [illegible] ਤੇ ਅਸੀਂ ਚੱਕਰਵਰਤੀ [illegible]-ਆਰਾਮ ਦੀ ਜ਼ਿੰਦਗੀ ਗੁਜ਼ਾਰਾਂਗੇ। ਸੋਨੇ 'ਤੇ ਸੁਹਾਗਾ ਇਹ ਸੀ ਕਿ ਇਹ ਰਜਾਈਆਂ ਨਾਯਾਬ ਸਨ, ਫਿਰ ਵੀ ਕੌਡੀਆਂ ਦੇ ਭਾਅ ਵਿਕ ਰਹੀਆਂ ਸਨ। ਇਹੋ ਜਿਹੀ ਲੁੱਟ ਦੁਬਾਰਾ ਨਹੀਂ ਹੋਣੀ ਸੀ। ਇਨ੍ਹਾਂ 'ਚ ਭਰੀ ਹੋਈ ਰੂੰ ਅਮਰੀਕਾ 'ਚ ਭਰੀ ਜਾਂਦੀ ਸੀ, ਰੰਗਾਈ ਇੰਗਲੈਂਡ 'ਚ ਹੁੰਦੀ ਸੀ, ਕੱਪੜਾ ਇਟਲੀ 'ਚ ਬੁਣਿਆ ਜਾਂਦਾ ਸੀ ਤੇ ਨਗੰਦਣ ਵਾਲਾ ਧਾਗਾ ਫਰਾਂਸ ਤੋਂ ਆਉਂਦਾ ਸੀ। ਸਾਡਾ ਸਾਮਾਨ ਸਮੁੰਦਰੀ ਜਹਾਜ਼ ਰਾਹੀਂ ਆਉਣਾ ਸੀ। ਇਸ ਲਈ ਸਾਨੂੰ ਮਹਿਜ਼ 600 ਰੁਪਏ ਹੋਰ ਦੇਣੇ ਪੈਣੇ ਸਨ ਤੇ ਦੋ ਦੁਰਲੱਭ ਰਜਾਈਆਂ ਸਿਰਫ਼ ਤੇ ਸਿਰਫ਼ 1999 ਰੁਪਏ 'ਚ ਕੋਰੀਅਰ ਰਾਹੀਂ ਸਾਡੇ ਕੋਲ ਪਹੁੰਚ ਜਾਣੀਆਂ ਸਨ। ਅਜਿਹੀਆਂ ਲੁਭਾਉਣੀਆਂ ਗੱਲਾਂ ਸੁਣ ਸੁਣ ਕੇ ਅਸੀਂ ਅਕਹਿ ਅਨੰਦ ਸਾਗਰ 'ਚ ਗੋਤੇ ਲਾਉਣ ਲੱਗੇ। ਪੁਰਾਤਨ ਮਹਾਰਾਜਿਆਂ ਵਾਂਗ ਆਪਣੇ ਆਪ ਨੂੰ ਵਹੁਟੀ ਸਮੇਤ ਛਤਰ ਹੇਠਾਂ ਹਾਥੀ 'ਤੇ ਬੈਠਿਆਂ ਤਸੱਵਰ ਕਰ ਕੇ ਲੋਕਾਂ ਦੀ ਜੈ-ਜੈ ਕਾਰ ਸੁਣ ਲੱਗ ਪਏ। ਅਸੀਂ ਖ਼ੁਸ਼ੀ 'ਚ ਥੋੜੇ ਹੋ ਕੇ ਮਿੱਟੀ ਦੇ ਭਾਅ ਮਿਲ ਰਹੀਆਂ ਦੋ ਵਡਮੁੱਲੀਆਂ ਰਜਾਈਆਂ ਪ੍ਰਾਪਤ ਕਰਨ ਲਈ ਆਪਣਾ ਪੂਰਾ ਪਤਾ ਤੇ ਮੋਬਾਈਲ ਨੰਬਰ ਲਿਖਵਾ ਕੇ ਆਪਣਾ ਸਾਮਾਨ ਲੈਣ ਦਾ ਵਾਅਦਾ ਕੀਤਾ। ਸਾਨੂੰ ਦੁਬਾਰਾ ਵਧਾਈ ਦੇ ਕੇ ਦੱਸ ਦਿੱਤਾ ਗਿਆ ਕਿ ਇਹ 'ਨਾਯਾਬ ਤੋਹਫ਼ਾ' ਸਾਡੇ ਕੋਲ ਅਗਲੇ 24 ਘੰਟਿਆਂ 'ਚ ਪਹੁੰਚ ਜਾਵੇਗਾ। ਅਗਲੇ ਦਿਨ ਪਹੁ ਫੁਟਾਲੇ ਹੀ ਸਾਨੂੰ ਮੋਬਾਈਲ 'ਤੇ ਇਹ ਸੂਚਨਾ ਮਿਲ ਗਈ ਕਿ ਸਾਡੀਆਂ ਬੇਸ਼ਕੀਮਤੀ ਤੇ ਅਲੌਕਿਕ ਰਜਾਈਆਂ ਨੇੜਲੇ ਸ਼ਹਿਰ ਪਹੁੰਚ ਚੁੱਕੀਆਂ ਤੇ ਦੁਪਹਿਰ 11 ਵਜੇ ਤਕ ਸਾਡੇ ਕੋਲ ਪਹੁੰਚ ਜਾਣਗੀਆਂ। ਅਸੀਂ ਕੰਪਨੀ ਵਾਲਿਆਂ ਦੀ ਫੁਰਤੀ ਦੇਖ ਕੇ ਦੰਗ ਰਹਿ ਗਏ ਜਿਸ ਨੇ ਹਜ਼ਾਰਾਂ ਮੀਲ ਦੂਰ ਕੋਈ ਬੰਦਰਗਾਹ ਨਾ ਹੋਣ ਦੇ ਬਾਵਜੂਦ ਸਾਡਾ ਸਾਮਾਨ ਸਮੁੰਦਰੀ ਰਸਤੇ ਰਾਹੀਂ ਸਾਨੂੰ ਪਹੁੰਚਾ ਦਿੱਤਾ ਸੀ। ਅਸੀਂ ਆਪਣੇ ਭਾਗਾਂ 'ਤੇ ਰਸ਼ਕ ਕਰਨ ਲੱਗੇ। ਪੂਰੇ ਗਿਆਰਾਂ ਵਜੇ ਦਰਵਾਜ਼ੇ ਦੀ ਘੰਟੀ ਵੱਜੀ। ਅਸੀਂ ਬਿਹਬਲ ਹੋ ਕੇ ਦਰਵਾਜ਼ੇ ਵੱਲ ਭੱਜੇ। ਸਾਡੇ ਸੁਪਨੇ ਸਾਕਾਰ ਹੋ ਗਏ ਸਨ। ਕੋਰੀਅਰ ਵਾਲਾ ਕਾਰੂੰ ਦਾ ਖ਼ਜ਼ਾਨਾ ਲੈ ਕੇ ਸਾਡੇ ਦੁਆਰ ਤਕ ਪਹੁੰਚ ਚੁੱਕਾ ਸੀ। ਉਸ ਨੇ ਪੈਸੇ ਵਸੂਲ ਕੇ ਇੱਕ ਬਿਲਕੁਲ ਹੀ ਨਿੱਕਾ ਜਿਹਾ ਪੈਕਟ ਸਾਡੇ ਸਪੁਰਦ ਕਰ ਦਿੱਤਾ। ਪੈਕਟ ਅਸਲੋਂ ਹੀ ਛੋਟਾ ਸੀ। ਸਾਨੂੰ ਖ਼ਦਸ਼ਾ ਸੀ ਕਿ ਇਸ ਵਿੱਚ ਕੋਈ ਨਿੱਕਰ ਜਾਂ ਕਛਹਿਰਾ ਹੀ ਨਾ ਹੋਵੇ, ਪਰ ਅਜਿਹਾ ਪੁੱਛਣਾ ਸਾਨੂੰ ਆਪਣੀ ਸਿਆਣਪ ਦੀ ਤੌਹੀਨ ਕਰਵਾਉਣ ਸਮਾਨ ਲੱਗਾ ਤੇ ਅਸੀਂ ਚੁੱਪ ਕਰਕੇ ਉਹ ਪੈਕਟ ਰੱਖ ਲਿਆ। ਮੁਲਾਜ਼ਮ ਦੇ ਜਾਣ ਮਗਰੋਂ ਅਸੀਂ ਪੈਕਟ ਖੋਲ੍ਹਿਆ ਤਾਂ ਉਸ ਵਿੱਚੋਂ ਦੋ ਪਤਲੀਆਂ ਖੇਸ ਜਿਹੀਆਂ ਚੀਜ਼ਾਂ ਨਿਕਲੀਆਂ। ਉਨ੍ਹਾਂ ਨੂੰ ਰਜਾਈਆਂ ਗਰਦਾਨਣਾ ਤਾਂ ਰਜਾਈਆਂ ਦੀ ਪਰਿਭਾਸ਼ਾ ਬਦਲਣ ਵਾਲੀ ਗੱਲ ਹੋਵੇਗੀ। ਉਦੈਪੁਰੀ ਰਜਾਈਆਂ ਤਾਂ ਹਲਕੀਆਂ ਹੀ ਹੁੰਦੀਆਂ ਹੋਣਗੀਆਂ, ਪਰ ਇੰਨੀਆਂ ਪਤਲੀਆਂ ਵੀ ਨਹੀਂ ਜੋ ਫੂਕ ਮਾਰਿਆਂ ਉੱਡ ਜਾਣ। ਸ਼ਾਇਦ ਇਹ ਇਟਲੀ 'ਚ ਬੁਣੇ ਆਲੀਸ਼ਾਨ ਕੱਪੜੇ ਤੇ ਅਮਰੀਕਨ ਰੂੰ ਕਰਕੇ ਹੀ ਹਲਕੀਆਂ ਹੋਣ, ਪਰ ਵੈਸੇ ਖ਼ੂਬ ਗਰਮ ਤੇ ਨਿੱਘੀਆਂ ਹੋਣ, ਇਹ ਸੋਚ ਕੇ ਅਸੀਂ ਜਨਵਰੀ ਦੀ ਯਖ ਠੰਡੀ ਰਾਤ ਨੂੰ ਟੀ.ਵੀ. ਚੈਨਲ 'ਤੇ ਇਸ ਦੀ ਮਸ਼ਹੂਰੀ ਕਰਨ ਵਾਲੀ ਮੁਟਿਆਰ ਵਾਂਗ ਇਸ ਨੂੰ ਚਾਰੇ ਪਾਸੇ ਲਪੇਟ ਕੇ ਵਿਹੜੇ 'ਚ ਸੌਣ ਚਲੇ ਗਏ। ਸਾਡੀ ਵਹੁਟੀ ਨੇ ਬਥੇਰੀ ਹਾਲ-ਦੁਹਾਈ ਪਾਈ ਕਿ ਐਵੇਂ ਬਿਮਾਰ-ਠਮਾਰ ਹੋ ਜਾਓਗੇ, ਕਮਰੇ ਅੰਦਰ ਇਹੀ ਗੁਣਵੱਤਾ ਪਰਖ ਲਓ ਪਰ ਅਸੀਂ ਤੁਰੰਤ ਆਪਣੇ ਪੈਸੇ ਖਰੇ ਕਰਨੇ ਚਾਹੁੰਦੇ ਸੀ। ਸੋ ਵਹੁਟੀ ਦੀਆਂ ਨਸੀਹਤਾਂ ਨੂੰ ਇੱਕ ਕੰਨੋਂ ਸੁਣ ਕੇ ਦੂਜੇ ਕੰਨੋਂ ਕੱਢ ਦਿੱਤਾ। ਕਹਿੰਦੇ ਹਨ ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਮਗਰੋਂ ਹੀ ਪਤਾ ਲੱਗਦਾ ਹੈ। ਪਤਲੇ ਜਿਹੇ ਚਾਦਰਨੁਮਾ ਖੇਸ ਨੇ ਭਲਾ ਰਜਾਈ ਕਿੱਥੋਂ ਬਣਨਾ ਸੀ ? ਸਾਨੂੰ ਠੰਢ ਲੱਗਣ ਲੱਗੀ। ਅਸੀਂ ਸੱਜਿਓਂ-ਖੱਬਿਓਂ ਇਸ ਅਖੌਤੀ ਰਜਾਈ ਨੂੰ ਨੱਪ-ਘੁੱਟ ਕੇ ਨਿੱਘਿਆਂ ਹੋਣ ਲਈ ਜੱਦੋਜਹਿਦ ਕਰਨ ਲੱਗੇ, ਪਰ ਕੰਬਖ਼ਤ ਖੇਸ, ਰਜਾਈ ਨਾ ਬਣਿਆ। ਝੱਟ ਕੁ ਬਾਅਦ ਦੰਦੋੜਿੱਕੀ ਸ਼ੁਰੂ ਹੋ ਗਈ। ਸਰੀਰ ਕੰਬਣ ਲੱਗ ਪਿਆ। ਹੱਥ-ਪੈਰ ਠੰਢੇ ਹੋ ਗਏ। ਸਾਰੇ ਟੱਬਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਵਿਚਾਰੇ ਸਣੇ ਮੰਜੇ ਸਾਨੂੰ ਕਮਰੇ ਅੰਦਰ ਲੈ ਗਏ। ਕੋਈ ਤਲੀਆਂ ਝੱਸਣ ਲੱਗਾ। ਕੋਈ ਸਾਡੇ 'ਤੇ ਮੋਟੀ ਰਜਾਈ ਦੇਣ ਦਾ ਆਹਰ-ਪਾਹਰ ਕਰਨ ਲੱਗਾ। ਵਿਚਾਰੀ ਵਹੁਟੀ ਗਰਮਾ-ਗਰਮ ਕੌਫ਼ੀ ਬਣਾਉਣ ਲੱਗੀ। ਇਸ ਓਹੜ-ਪੋਹੜ ਨਾਲ ਅਸੀਂ ਘੰਟੇ ਕੁ ਬਾਅਦ ਅੱਖਾਂ ਖੋਲ੍ਹ ਲਈਆਂ ਤੇ ਭੌਰ-ਭੌਰ ਹੋ ਕੇ ਚਾਰੇ ਪਾਸੇ ਦੇਖਣ ਲੱਗੇ। ਇਸ ਮੂਰਛਿਤ ਹਾਲਤ 'ਚ ਅਸੀਂ ਯਮਰਾਜ ਨਾਲ ਵੀ ਮਿਲਣੀ ਕਰ ਆਏ ਸੀ ਤੇ ਪਰਵਰਦਿਗਾਰ ਨੂੰ ਆਪਣੇ ਚੰਗੇ-ਮਾੜੇ ਕੰਮਾਂ ਦਾ ਲੇਖਾ-ਜੋਖਾ ਵੀ ਦੇ ਆਏ। ਖ਼ੈਰ, ਕੋਈ ਗੱਲ ਨਹੀਂ ! ਅਸੀਂ ਦਿਲ ਛੱਡਣ ਵਾਲਿਆਂ 'ਚੋਂ ਨਹੀਂ।

# ਖ਼ਬਰਾਂ ਦੇ ਭੇਸ 'ਚ ਇਸ਼ਤਿਹਾਰ

ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਭਾਰਤ ਵਿਚ ਪੈਸੇ ਲੈ ਕੇ ਖ਼ਬਰਾਂ ਲਾਉਣ ਦਾ ਰੁਝਾਨ ਵੱਡਾ ਖਤਰਾ ਬਣ ਕੇ ਉਭਰਿਆ ਹੈ। ਇਸ ਕਾਰਨ ਪੱਤਰਕਾਰੀ ਅਤੇ ਪੇਸ਼ੇਵਰ ਈਮਾਨਦਾਰੀ ਸਬੰਧੀ ਗੰਭੀਰ ਸ਼ੰਕੇ ਖੜ੍ਹੇ ਹੋ ਗਏ ਹਨ। ਪਿਛਲੀਆਂ ਲੋਕ ਸਭਾ ਅਤੇ ਸੂਬਾ ਚੋਣਾਂ ਦੌਰਾਨ ਕਈ ਟੈਲੀਵਿਜ਼ਨ ਚੈਨਲਾਂ ਅਤੇ ਅਖ਼ਬਾਰਾਂ ਨੇ ਕੁਝ ਸਿਆਸਤਦਾਨਾਂ ਤੇ ਉਮੀਦਵਾਰਾਂ ਤੋਂ ਰੁਪਏ ਲੈ ਕੇ ਉਨ੍ਹਾਂ ਦੇ ਪੱਖ ਵਿਚ ਵਿਚਾਰ ਇਸ਼ਤਿਹਾਰਾਂ ਦੀ ਬਜਾਏ ਖ਼ਬਰਾਂ ਦੇ ਰੂਪ ਵਿਚ ਛਾਪੇ।


ਦੇਸ਼ ਦੀ ਸੰਸਦ, ਚੋਣ ਕਮਿਸ਼ਨ, ਭਾਰਤੀ ਪ੍ਰੈਸ ਕੌਂਸਲ ਅਤੇ ਐਡੀਟਰਜ਼ ਗਿਲਡ ਆਫ ਇੰਡੀਆ ਅਤੇ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਜਿਹੀਆਂ ਸੰਸਥਾਵਾਂ ਇਸ ਰੁਝਾਨ ਤੋਂ ਬਹੁਤ ਖ਼ਫ਼ਾ ਹਨ। ਇਸ ਸਬੰਧੀ ਭਾਰਤੀ ਪ੍ਰੈਸ ਕੌਂਸਲ ਨੇ ਜਾਂਚ ਰਿਪੋਰਟ ਵੀ ਤਿਆਰ ਕੀਤੀ ਹੈ ਪਰ ਰਿਪੋਰਟਾਂ ਦੇ ਘੇਰੇ ਤੋਂ ਬਾਹਰ ਸੋਚਣ ਦੀ ਲੋੜ ਹੈ। ਇਸ ਲਈ ਦੋਸ਼ੀ ਪ੍ਰਕਾਸ਼ਨਾਂ ਜਾਂ ਖ਼ਬਰੀ ਚੈਨਲਾਂ ਦੇ ਲਾਇਸੈਂਸ ਰੱਦ ਕਰਨ ਜਿਹੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਬਾਕੀਆਂ ਨੂੰ ਸਬਕ ਮਿਲ ਸਕੇ।


ਆਂਧਰਾ ਪ੍ਰਦੇਸ਼ ਯੂਨੀਅਨ ਆਫ ਵਰਕਿੰਗ ਜਰਨਲਿਸਟਸ (ਏ.ਪੀ.ਯੂ.ਡਬਲਿਯੂ.ਜੇ.) ਨੇ ਪ੍ਰੈਸ ਕੌਂਸਲ ਕੋਲ ਕੀਤੀ ਸ਼ਿਕਾਇਤ ਵਿਚ ਛੇ ਤੇਲਗੂ ਅਖ਼ਬਾਰਾਂ; ਈਨਾਡੂ, ਆਂਧਰਾ ਜਯੋਤੀ, ਸਾਕਸ਼ੀ, ਵਾਰਤਾ, ਆਂਧਰਾ ਭੂਮੀ ਤੇ ਸੂਰਯਾ ਉਤੇ ਪੈਸੇ ਲੈ ਕੇ ਖ਼ਬਰਾਂ ਲਾਉਣ ਦਾ ਦੋਸ਼ ਲਾਇਆ ਹੈ। ਅਪਰੈਲ 2009 ਦੀਆਂ ਚੋਣਾਂ ਦੌਰਾਨ ਇਨ੍ਹਾਂ ਅਖ਼ਬਾਰਾਂ ਦਾ ਅਧਿਐਨ ਕਰਕੇ ਦੋਸ਼ ਲਗਾਇਆ ਗਿਆ ਹੈ ਕਿ ਇਸ਼ਤਿਹਾਰ ਖ਼ਬਰ ਬਣ ਕੇ ਛਾਪੇ ਗਏ ਤਾਂ ਜੋ ਪਾਠਕ ਇਸ ਨੂੰ ਕਿਸੇ ਪੱਤਰਕਾਰ ਵੱਲੋਂ ਦਿੱਤੀ ਖ਼ਬਰ ਸਮਝਣ।

ਆਂਧਰਾ ਪ੍ਰਦੇਸ਼ ਯੂਨੀਅਨ ਆਫ ਵਰਕਿੰਗ ਜਰਨਲਿਸਟ (ਏ.ਪੀ.ਯੂ.ਡਬਲਿਊ.ਜੇ.) ਮੁਤਾਬਕ ਇਨ੍ਹਾਂ ਅਖ਼ਬਾਰਾਂ ਦੇ ਪ੍ਰਬੰਧਕਾਂ ਨੇ ਇਸ਼ਤਿਹਾਰ ਦੀ ਤਰਜ਼ ਉਤੇ ਰੁਪਏ ਲਏ ਪਰ ਛਾਪਣ ਸਮੇਂ ਇਨ੍ਹਾਂ ਨੂੰ ਇਸ਼ਤਿਹਾਰਾਂ ਦੇ ਰੂਪ ਵਿਚ ਨਹੀਂ ਛਾਪਿਆ। ਇਹ ਗੱਲ ਉਦੋਂ ਜੱਗ ਜ਼ਾਹਿਰ ਹੋਈ ਜਦੋਂ ਕਈ ਵਾਰ ਇਕੋ ਅਖ਼ਬਾਰ ਦੇ ਇਕੋ ਜਾਂ ਅਲੱਗ-ਅਲੱਗ ਪੰਨਿਆਂ ਉਤੇ ਇਕ ਚੋਣ ਹਲਕੇ ਵਿਚੋਂ ਇਕ ਤੋਂ ਵੱਧ ਉਮੀਦਵਾਰਾਂ ਦੇ ਜਿੱਤਣ ਬਾਰੇ ਆਸ ਪ੍ਰਗਟਾਈ ਜਾਂਦੀ ਸੀ। ਇਸ ਜਥੇਬੰਦੀ ਦਾ ਕਹਿਣਾ ਹੈ ਕਿ ਇਨ੍ਹਾਂ ਛੇ ਅਖ਼ਬਾਰਾਂ ਨੇ ਤਰੀਕਾਂ ਤੇ ਰਿਪੋਰਟਰਾਂ ਦੇ ਨਾਂ ਖ਼ਬਰ ਦੇ ਸ਼ੁਰੂ ਵਿਚ ਨਹੀਂ ਸਗੋਂ ਅੰਤ ਵਿਚ ਲਿਖੇ। ਕੁਝ ਹੋਰ ਅਖ਼ਬਾਰਾਂ ਨੇ ਸਿਰਫ ਤਰੀਕ ਹੀ ਛਾਪੀ। ਅਜਿਹੀਆਂ ਖ਼ਬਰਾਂ ਵਿਚੋਂ ਸਮੇਂ-ਸਥਾਨ ਦੇ ਹਵਾਲੇ ਮਨਫੀ ਸਨ। ਇਨ੍ਹਾਂ ਦੇ ਲਹਿਜੇ ਅਤੇ ਰੁਖ਼ ਤੋਂ ਬਹੁਤ ਘੱਟ ਤਜਰਬੇ ਵਾਲੇ ਪੱਤਰਕਾਰ ਨੂੰ ਵੀ ਅੰਦਾਜ਼ਾ ਹੋ ਸਕਦਾ ਸੀ ਕਿ ਇਹ ਖ਼ਬਰ ਨਹੀਂ ਸਗੋਂ ਇਸ਼ਤਿਹਾਰ ਜਾਂ ਘੜੀ ਹੋਈ ਖ਼ਬਰ ਹੈ।

ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਮੁਤਾਬਕ ਕਮਿਸ਼ਨ ਕੋਲ ਇਸ ਸਬੰਧੀ ਬਹੁਤ ਸਾਰੀਆਂ ਸ਼ਿਕਾਇਤਾਂ ਆਈਆਂ ਸਨ। ਇਕ ਸ਼ਿਕਾਇਤ ਸੀ ਕਿ ਅਖ਼ਬਾਰਾਂ ਨੂੰ ਰੁਪਏ ਨਾ ਦੇਣ ਕਾਰਨ ਕਈ ਉਮੀਦਵਾਰਾਂ ਨੂੰ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਹੋਰਾਂ ਨੇ ਸ਼ਿਕਾਇਤ ਕੀਤੀ ਕਿ ਸਰਦੇ-ਪੁੱਜਦੇ ਉਮੀਦਵਾਰ ਆਪਣੇ ਪੱਖ ਵਿਚ ਖ਼ਬਰਾਂ ਲਗਵਾ ਲੈਂਦੇ ਸਨ। ਕਮਿਸ਼ਨ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਣ ਤੋਂ ਕਥਿਤ ਤੌਰ ਉਤੇ ਕੁਝ ਮਰਾਠੀ ਅਖ਼ਬਾਰਾਂ ਵਿਚ ਖ਼ਬਰਾਂ ਲਈ ਰੁਪਏ ਦੇਣ ਅਤੇ ਇਸ ਦਾ ਜ਼ਿਕਰ ਚੋਣ ਖਰਚਿਆਂ ਵਿਚ ਨਾ ਕਰਨ ਲਈ ਸਪੱਸ਼ਟੀਕਰਨ ਮੰਗਿਆ ਹੈ।

ਸ੍ਰੀ ਚਵਾਨ ਨੰਦੇੜ ਜ਼ਿਲ੍ਹੇ ਵਿਚ ਭੋਖਡ ਤੋਂ ਚੋਣਾਂ ਜਿੱਤੇ ਸਨ। ਕਮਿਸ਼ਨ ਦਾ ਕਹਿਣਾ ਹੈ ਕਿ ਤਿੰਨ ਮਰਾਠੀ ਅਖ਼ਬਾਰਾਂ ਨੇ ਸ੍ਰੀ ਚਵਾਨ ਦੀ ਪ੍ਰਸ਼ੰਸ਼ਾ ਕਰਦੀਆਂ ਇਕੋ ਜਿਹੀਆਂ ਖ਼ਬਰਾਂ ਛਾਪੀਆਂ ਸਨ। ਖ਼ਬਰਾਂ ਦੀਆਂ ਸਿਰਫ ਸੁਰਖੀਆਂ ਹੀ ਵੱਖੋ-ਵੱਖਰੀਆਂ ਸਨ। ਕਮਿਸ਼ਨ ਨੂੰ ਪਹਿਲੀ ਨਜ਼ਰ ਵਿਚ ਹੀ ਮਹਿਸੂਸ ਹੋਇਆ ਕਿ ਖ਼ਬਰਾਂ ਦਾ ਮੁਲੰਮਾ ਚਾੜ੍ਹ ਕੇ ਇਸ਼ਤਿਹਾਰ ਛਾਪੇ ਗਏ ਹਨ। ਮੀਡੀਆ ਦੀ ਸਮਾਜ ਵਿਚ ਖਾਸ ਥਾਂ ਹੈ। ਇਹ ਦੇਸ਼ ਦੀ ਜ਼ਮੀਰ ਦਾ ਪਹਿਰੇਦਾਰ ਹੈ। ਸੰਵਿਧਾਨ ਮੁਤਾਬਕ ਇਸ ਨੂੰ ਕੋਈ ਵੀ ਗੱਲ ਕਹਿਣ ਦੀ ਆਜ਼ਾਦੀ ਹੈ। ਇਸ ਨੂੰ ਵੱਧ ਤੋਂ ਵੱਧ ਰੁਪਏ ਇਕੱਠੇ ਕਰਨ ਲਈ ਲੋਕਾਂ ਨੂੰ ਗਲਤ ਸੂਚਨਾ ਜਾਂ ਕਿਸੇ ਖਾਸ ਪਾਰਟੀ ਦੇ ਵਿਚਾਰ ਪੇਸ਼ ਕਰਨ ਦੀ ਥਾਂ ਸਹੀ ਜਾਣਕਾਰੀ ਦੇਣੀ ਚਾਹੀਦੀ ਹੈ। ਅਖ਼ਬਾਰ ਜਾਂ ਖ਼ਬਰੀ ਚੈਨਲ ਮਹਿਜ਼ ਵਸਤ ਨਹੀਂ ਹਨ। ਇਹ ਸੰਚਾਰ, ਸੂਚਨਾ, ਵਿਸ਼ਲੇਸ਼ਣ ਅਤੇ ਨਜ਼ਰੀਆ ਬਣਾਉਣ ਦਾ ਮਹੱਤਵਪੂਰਨ ਸਾਧਨ ਹਨ। ਲੋਕ ਹਿੱਤਾਂ ਨਾਲ ਸਬੰਧਤ ਮਾਮਲਿਆਂ ਉਤੇ ਸਾਫ, ਸਪੱਸ਼ਟ, ਨਿਰਪੱਖ ਤੇ ਸੰਜਮੀ ਢੰਗ ਨਾਲ ਟਿੱਪਣੀਆਂ ਤੇ ਵਿਚਾਰ ਪੇਸ਼ ਕਰਨਾ ਇਨ੍ਹਾਂ ਦਾ ਮੁੱਢਲਾ ਫਰਜ਼ ਹੈ। ਮੀਡੀਆ ਨੂੰ ਆਪਣੇ ਪੇਸ਼ੇਵਰ ਨਿਯਮਾਂ ਦਾ ਧਿਆਨ ਰੱਖਦੇ ਹੋਏ ਕੰਮ ਕਰਨਾ ਚਾਹੀਦਾ ਹੈ। ਨਿਯਮ ਅਤੇ ਨਿਰਦੇਸ਼ ਮੀਡੀਆ ਦੇ ਮੁੱਢਲੇ ਫਰਜ਼ ਵੱਲ ਇਸ਼ਾਰਾ ਕਰਦੇ ਹਨ ਜੋ ਸਮਾਜਕ ਬੰਦਸ਼ਾਂ ਅਤੇ ਨੈਤਿਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਹੈ। ਭਾਵੇਂ ਪੱਤਰਕਾਰਾਂ ਨੂੰ ਆਪਣਾ ਕੰਮ ਕਰਨ ਲਈ ਪੂਰੀ ਆਜ਼ਾਦੀ ਹੈ ਪਰ ਇਸ ਦੇ ਨਾਲ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੀ ਹਨ। ਜ਼ਿੰਮੇਵਾਰੀਆਂ ਨਿਭਾਉਣ ਕਾਰਨ ਹੀ ਪ੍ਰੈਸ ਦਾ ਇੰਨਾ ਵੱਡਾ ਸਮਾਜਿਕ ਰੁਤਬਾ ਮਿਲਿਆ ਹੈ। ਨੈਤਿਕ ਅਮਲ ਅਤੇ ਕਦਰਾਂ-ਕੀਮਤਾਂ ਰਾਹੀਂ ਸੱਚ ਅਤੇ ਝੂਠ ਦਾ ਨਿਖੇੜਾ ਹੁੰਦਾ ਹੈ।




Some Call us a Media House
Others call us an Institution to learn from
The South Asian
INSIDER
1
Delivering News,
Uncompromised & Unbiased
20 Years
The South Asian Insider
Email : editor@thesouthasianinsider.com
www.thesouthasianinsider.com